# ਝੀਲ ਤੇ ਇੱਕ ਗਵਾਹੀ

ਇਸ ਤੋਂ ਪਹਿਲਾਂ ਕਿ ਅਸੀਂ ਪ੍ਰਾਰਥਨਾ ਲਈ ਆਪਣਾ ਸਿਰ ਝੁਕਾਈਏ, ਮੈਂ ਪਰਮੇਸ਼ੁਰ ਦੇ ਵਚਨ ਵਿੱਚੋਂ ਕੁਝ ਪੜ੍ਹਨਾ ਚਾਹਾਂਗਾ। ਮੈਂ ਹਮੇਸ਼ਾ ਉਸਦੇ ਵਚਨ ਨੂੰ ਪੜ੍ਹਨਾ ਪਸੰਦ ਕਰਦਾ ਹਾਂ; ਕਿਉਂਕਿ ਮੇਰੇ ਸ਼ਬਦ ਅਸਫਲ ਹੋ ਜਾਣਗੇ, ਉਹ ਇੱਕ ਆਦਮੀ ਦੇ ਹਨ, ਪਰ ਉਸਦਾ ਵਚਨ ਅਸਫਲ ਨਹੀਂ ਹੋ ਸਕਦਾ। ਅਤੇ ਤੁਸੀਂ ਜੋ ਵਿਸ਼ੇ ਦਾ ਧਿਆਨ ਰੱਖਦੇ ਹੋ, ਅਤੇ ਵਗੈਰਾ ਵਗੈਰਾ, ਆਓ ਮਤੀ ਦੇ 14ਵੇਂ ਅਧਿਆਏ ਤੋਂ ਪੜ੍ਹੀਏ, ਅੱਜ ਰਾਤ, 22ਵੀਂ ਆਇਤ ਨਾਲ ਸ਼ੁਰੂ ਕਰਦੇ ਹਾਂ।

*ਉਹ ਨੇ ਉਸੇ ਵੇਲੇ ਚੇਲਿਆਂ ਨੂੰ ਤਗੀਦ ਕੀਤੀ ਭਈ ਕਿ ਬੇੜੀ ਉੱਤੇ ਚੜ੍ਹ ਜਾਓ, ਅਤੇ ਉਸ ਤੋਂ ਪਹਿਲਾਂ ਪਾਰ ਲੰਘ ਜਾਓ, ਤਦ ਤੀਕੁਰ ਉਹ ਭੀੜ ਨੂੰ ਵਿਦਿਆ ਕਰ ਲਵੇ।*

*ਅਤੇ ਉਹ ਭੀੜ ਨੂੰ ਵਿਦਿਆ ਕਰ ਕੇ ਪ੍ਰਾਰਥਨਾ ਕਰਨ ਲਈ ਨਿਰਾਲੇ ਵਿੱਚ ਪਹਾੜ ਤੇ ਚੜ੍ਹ ਗਿਆ: ਅਰ ਜਾਂ…ਸੰਝ ਹੋਈ, ਤਾਂ ਉਹ ਉੱਥੇ ਇੱਕਲਾ ਹੀ ਸੀ।*

*ਪਰ ਬੇੜੀ ਉਸ ਵੇਲੇ ਸਮੁੰਦਰ ਦੇ ਵਿਚਕਾਰ ਸੀ, ਲਹਿਰਾਂ ਦੀ ਮਾਰੀ ਡੋਲਦੀ ਸੀ: ਇਸ ਲਈ ਜੋ ਪੌਣ ਸਾਹਮਣੀ ਸੀ।*

*ਅਤੇ ਰਾਤ ਦੇ ਚੌਥੇ ਪਹਿਰ ਯਿਸੂ ਉਨ੍ਹਾਂ ਵੱਲ ਗਿਆ, ਸਮੁੰਦਰ ਉੱਤੇ ਤੁਰਦਾ ਹੋਇਆ।*

*ਅਤੇ ਜਾਂ ਚੇਲਿਆਂ ਨੇ ਉਹ ਨੂੰ ਸਮੁੰਦਰ ਤੇ ਤੁਰਦਿਆਂ ਵੇਖਿਆ, ਤਾਂ ਡੈਂਬਰ ਕੇ, ਆਖਣ ਲੱਗੇ, ਇਹ ਭੂਤਨਾ ਹੈ; ਅਤੇ ਡਰ ਕੇ ਡਡਿਆ ਉੱਠੇ।*

*ਪਰ ਯਿਸੂ ਨੇ ਝੱਟ ਉਨ੍ਹਾਂ ਨੂੰ ਆਖਿਆ, ਹੌਂਸਲਾ ਰੱਖੋ; ਮੈਂ ਹਾਂ, ਨਾ ਡਰੋ।*

2 ਆਓ ਹੁਣ ਪ੍ਰਾਰਥਨਾ ਕਰਨ ਲਈ ਆਪਣੇ ਸਿਰ ਝੁਕਾਈਏ। ਜਦ ਸਾਡੇ ਸਿਰ ਅਤੇ ਦਿਲ ਪਰਮੇਸ਼ੁਰ ਅੱਗੇ ਝੁਕੇ ਹੋਏ ਹਨ, ਕੀ ਅੱਜ ਰਾਤ, ਇਮਾਰਤ ਵਿੱਚ ਕੋਈ ਜ਼ਰੂਰਤ ਹੈ, ਜਿਸ ਬਾਰੇ ਤੁਸੀਂ ਪਰਮੇਸ਼ੁਰ ਨੂੰ ਜਾਣੂ ਕਰਵਾਉਣਾ ਚਾਹੁੰਦੇ ਹੋ, ਆਪਣੇ ਹੱਥਾਂ ਨੂੰ ਉੱਪਰ ਚੁੱਕ ਕੇ, ਅਤੇ ਪ੍ਰਾਰਥਨਾ ਵਿੱਚ ਯਾਦ ਕੀਤੇ ਜਾਣਾ ਚਾਹੁੰਦੇ ਹੋ? ਪਰਮੇਸ਼ੁਰ ਤੁਹਾਡੀ ਵੱਲ ਵੇਖੇ, ਸਾਡੇ ਉਤੇ ਦਯਾ ਕਰੇ।

3 ਸਾਡੇ ਸਵਰਗੀ ਪਿਤਾ, ਅਸੀਂ ਹੁਣ ਤੁਹਾਡੀ ਹਜ਼ੂਰੀ ਵਿੱਚ ਆ ਰਹੇ ਹਾਂ, ਪ੍ਰਭੂ ਯਿਸੂ ਦੇ ਨਾਮ ਅਤੇ ਵਸੀਲੇ ਦੁਆਰਾ। ਇਹ ਜਾਣਦੇ ਹੋਏ, ਮੁਬਾਰਕ ਭਰੋਸੇ ਨਾਲ, ਕਿ ਉਸਨੇ ਸਾਡੇ ਨਾਲ ਵਾਅਦਾ ਕੀਤਾ ਸੀ, ਜੇਕਰ ਅਸੀਂ ਉਸਦੇ ਨਾਮ ਵਿੱਚ "ਕੁਝ ਵੀ ਮੰਗਾਂਗੇ", ਤੁਸੀਂ ਸਾਨੂੰ ਇਹ ਦੇ ਦਿਓਗੇ। ਅਸੀਂ ਇਸ ਲਈ ਬਹੁਤ ਸ਼ੁੱਕਰਗੁਜਾਰ ਹਾਂ। ਜਿਸ ਤਰ੍ਹਾਂ ਅਸੀਂ ਇਸ ਬਾਰੇ ਮਹਿਸੂਸ ਕਰਦੇ ਹਾਂ ਸ਼ਬਦ ਇਸ ਨੂੰ ਬਿਆਨ ਨਹੀਂ ਕਰ ਸਕਦੇ, ਇਸ ਭਰੋਸੇ ਨਾਲ ਜੋ ਸਾਡੇ ਕੋਲ ਹੈ, ਕਿ ਤੁਸੀਂ ਹੁਣ ਸਾਨੂੰ ਸੁਣ ਰਹੇ ਹੋ।

4 ਤੁਸੀਂ ਉਹਨਾਂ ਹੱਥਾਂ ਨੂੰ ਵੇਖਿਆ ਹੈ, ਪ੍ਰਭੂ। ਤੁਸੀਂ ਜਾਣਦੇ ਹੋ ਕਿ ਉਹਨਾਂ ਨੂੰ ਕਾਹਦੀ ਲੋੜ੍ਹ ਸੀ। ਤੁਸੀਂ ਸਰਬਵਿਆਪਕ, ਸਰਬਸ਼ਕਤੀਮਾਨ, ਅਨੰਤ ਪਰਮੇਸ਼ੁਰ ਹੋ, ਅਤੇ ਅਸੀਂ ਜਾਣਦੇ ਹਾਂ ਕਿ ਤੁਸੀਂ ਲੋਕਾਂ ਦੇ ਦਿਲਾਂ ਨੂੰ ਜਾਣਦੇ ਹੋ। ਤੁਸੀਂ ਸਾਡੇ ਵਿਚਾਰ ਜਾਣਦੇ ਹੋ। ਸਾਡੇ ਬਣਾਏ ਜਾਣ ਤੋਂ ਵੀ ਪਹਿਲਾਂ, ਤੁਸੀਂ ਹਰ ਉਸ ਵਿਚਾਰ ਨੂੰ ਜਾਣਦੇ ਹੋ ਜੋ ਸਾਡੇ ਕੋਲ ਹੋਵੇਗਾ, ਕਿਉਂਕਿ ਤੁਸੀਂ ਅਨੰਤ ਹੋ।

5 ਅਤੇ ਅਸੀਂ ਪ੍ਰਾਰਥਨਾ ਕਰਦੇ ਹਾਂ, ਪ੍ਰਭੂ, ਇਸ ਸਮੇਂ, ਜੱਦ ਸਾਡੀਆਂ ਇੱਛਾਵਾਂ ਤੁਹਾਡੇ ਕੋਲ ਪਹੁੰਚ ਰਹੀਆਂ ਹਨ, ਸਵਰਗ ਤੋਂ ਹੇਠਾਂ ਦੇਖੋ, ਪ੍ਰਭੂ, ਅਤੇ ਸਾਡੀਆਂ ਬੇਨਤੀਆਂ ਨੂੰ ਆਪਣੇ ਹਿਰਦੇ ਕੋਲ ਲੈ ਜਾਓ, ਅਤੇ ਸਾਨੂੰ ਆਪਣੀ ਮਹਿਮਾ ਦੇ ਧਨ ਦੇ ਅਨੁਸਾਰ ਉੱਤਰ ਦਿਓ। ਸਾਨੂੰ ਸਾਡੇ ਦਿਲ ਦੀ ਇੱਛਾ ਪ੍ਰਦਾਨ ਕਰੋ, ਇਹ ਭਰੋਸਾ ਕਰਦੇ ਹੋਏ ਕਿ ਇਹ ਤੁਹਾਡੀ ਇਸ਼ਵਰੀ ਇੱਛਾ ਹੈ। ਅਤੇ ਅਸੀਂ ਜਾਣਦੇ ਹਾਂ ਕਿ ਤੁਹਾਡੀ ਇੱਛਾ ਪੂਰੀ ਕਰਨ ਵਿੱਚ ਤੁਹਾਡੀ ਖੁਸ਼ੀ ਹੈ।

6 ਸਾਨੂੰ ਆਪਣੀ ਹਜੂਰੀ ਦੀ ਬਾਰਿਸ਼ ਦਿਓ, ਅੱਜ ਰਾਤ, ਦੁਬਾਰਾ ਪ੍ਰਭੂ। ਬਿਮਾਰਾਂ ਨੂੰ ਚੰਗਾ ਕਰੋ। ਗੁਆਚੇ ਹੋਇਆਂ ਨੂੰ ਬਚਾਓ, ਉਨ੍ਹਾਂ ਨੂੰ ਜਿਉਂਦਾ ਕਰੋ ਜੋ ਪਾਪ ਅਤੇ ਅਪਰਾਧਾਂ ਵਿੱਚ ਮਰੇ ਹੋਏ ਹਨ, ਅਤੇ ਅੱਜ ਰਾਤ, ਉਨ੍ਹਾਂ ਨੂੰ ਇੱਕ ਨਵੀਂ ਜ਼ਿੰਦਗੀ ਵਿੱਚ ਲਿਆਓ। ਕਾਸ਼ ਅਸੀਂ ਯਿਸੂ ਨੂੰ ਵੇਖੀਏ। ਅਸੀਂ ਇਹ ਉਸਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

7 ਤੁਸੀਂ ਬੈਠ ਸਕਦੇ ਹੋ। ਸਾਨੂੰ ਅਫਸੋਸ ਹੈ ਕਿ ਅਸੀਂ ਲੋਕਾਂ ਨੂੰ ਬਿਠਾ ਨਹੀਂ ਪਾ ਰਹੇ, ਬੈਠਣ ਲਈ ਜਗ੍ਹਾ ਘੱਟ ਹੋਣ ਕਰਕੇ। ਪਰ, ਪਹਿਲੀ ਰਾਤ ਤੋਂ, ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਲੋਕਾਂ ਦੀ ਵੱਡੀ ਭੀੜ ਨੂੰ ਮੋੜਨਾ ਪਿਆ, ਇਸ ਲਈ ਸਾਨੂੰ ਇਸ ਲਈ ਅਫ਼ਸੋਸ ਹੈ। ਅਤੇ ਭਾਈ ਗ੍ਰਾਂਟ ਇੱਕ ਹੋਰ ਕਮਰਾ ਨਹੀਂ ਬਣਵਾ ਸਕੇ, ਜਾਂ ਤਾਂ, ਲਈ…ਮੇਰਾ ਮੰਨਣਾ ਹੈ ਕਿ ਉਹ ਇਸ ਹਿੱਸੇ ਨੂੰ ਖੱਬੇ ਪਾਸੇ ਕਰਣ ਜਾ ਰਹੇ ਹਨ। ਅਨਮੋਲ, ਅਨਮੋਲ ਭਾਈ ਨੇ ਅੱਜ ਮੈਨੂੰ ਪੁੱਛਿਆ

ਕਿ ਕੀ ਮੈਂ ਇਸ ਨੂੰ ਹਰ ਸਾਲ ਕਰਾਂਗਾ, ਵਾਪਸ ਡੱਲਾਸ, ਉਸ ਦੀ ਕਲੀਸਿਯਾ ਨੂੰ ਵਾਪਸ ਜਾਣ ਲਈ। ਇੰਨਾ ਵੱਡਾ ਸੱਦਾ, ਇਸ ਘੜੀ ਵਿੱਚ, ਜਦੋਂ ਦਰਵਾਜ਼ੇ ਇੰਨੀ ਤੇਜ਼ੀ ਨਾਲ ਬੰਦ ਹੋ ਰਹੇ ਹਨ, ਅਤੇ ਫਿਰ ਉਹ ਆਦਮੀ ਚਾਹੁੰਦਾ ਹੈ ਕਿ ਮੈਂ ਵਾਪਸ ਆਵਾਂ ਅਤੇ ਇਸਨੂੰ ਇੱਕ ਸਲਾਨਾ ਚੀਜ਼, ਮਾਮਲਾ ਬਣਾ ਦੇਵਾਂ। ਮੈਂ ਇਸਦੀ ਕਦਰ ਕਰਦਾ ਹਾਂ।

8 ਮੈਨੂੰ ਅੱਜ ਸਵੇਰੇ ਉਨ੍ਹਾਂ ਨਾਲ ਸੰਗਤ ਕਰਨ ਦਾ ਸਮਾਂ ਮਿਲਿਆ, ਭਾਈ ਗੋਰਡਨ ਲਿੰਡਸੇ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕਾਂ ਨਾਲ। ਭਾਈ ਪੇਰੀ ਗ੍ਰੀਨ, ਜੋ ਬੀਓਮੌਂਟ ਵਿਖੇ ਹੋਣ ਵਾਲੀ ਸਭਾ ਦਾ ਪ੍ਰਾਯੋਜਕ ਹੈ, ਅੱਜ ਰਾਤ ਇੱਥੇ ਮੇਰੇ ਪਿੱਛੇ ਬੈਠਾ ਹੈ। ਅਤੇ ਬਹੁਤ ਸਾਰੇ, ਸਾਡੇ ਦੋਸਤ, ਭਾਈ ਡੌਨ ਅਤੇ ਉਸਦੀ ਪਤਨੀ। ਅਸੀਂ ਉਨ੍ਹਾਂ ਨੂੰ ਇੱਥੇ ਪਾ ਕੇ ਬਹੁਤ ਖੁਸ਼ ਹਾਂ। ਪਰਮੇਸ਼ੁਰ ਉਨ੍ਹਾਂ ਨੂੰ ਬਰਕਤ ਦਵੇ।

9 ਹੁਣ, ਅੱਜ ਰਾਤ, ਬਸ...ਮੈਂ ਆਪਣੇ ਸੰਦੇਸ਼ਾਂ ਨੂੰ ਉਨਾ ਹੀ ਸਰਲ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਜਿੰਨਾ ਹੋ ਸਕਦਾ ਹੈ, ਤਾਂ ਜੋ ਇੱਕ ਬੱਚਾ ਵੀ ਉਹਨਾਂ ਨੂੰ ਸਮਝ ਸਕੇ।

10 ਕੱਲ ਦੁਪਹਿਰ ਨੂੰ ਇੱਕ ਖੁਸ਼ਖਬਰੀ ਦੀ ਸਭਾ ਹੈ, ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਆ ਸਕੋ।

11 ਹੁਣ ਜੇ ਤੁਹਾਡੇ ਕੋਲ ਤੁਹਾਡੇ ਆਪਣੇ ਗਿਰਜੇ ਵਿਚ ਸਭਾਵਾਂ ਹਨ, ਤਾਂ ਕਿਉਂ, ਤੁਸੀਂ—ਤੁਸੀਂ ਜਿੱਥੇ ਹੋ ਉੱਥੇ ਰਹੋ—ਜਿੱਥੇ ਤੁਸੀਂ ਤਾਇਨਾਤ ਹੋ। ਅਸੀਂ ਨਹੀਂ ਚਾਹੁੰਦੇ ਕਿ ਕੋਈ ਵੀ ਆਪਣੀ ਕਲੀਸਿਯਾ ਛੱਡੇ, ...ਅਤੇ ਜੇ ਤੁਸੀਂ ਬਿਮਾਰ ਹੋ ਅਤੇ ਪ੍ਰਾਰਥਨਾ ਕਰਾਉਣ ਲਈ ਆਉਣਾ ਚਾਹੁੰਦੇ ਹੋ, ਅਤੇ ਤੁਹਾਡੀ ਕਲੀਸਿਯਾ ਕੱਲ ਦੁਪਹਿਰ ਸਭਾ ਕਰ ਰਹੀ ਹੈ, ਇਸ ਬਾਰੇ ਆਪਣੇ ਪਾਸਟਰ ਨਾਲ ਗੱਲ ਕਰੋ, ਤਾਂ ਜੋ ਉਹ ਬੁਰਾ ਨਾ ਸੋਚੇ, ਤੁਸੀਂ ਜਾਣਦੇ ਹੋ। ਉਸਨੂੰ ਦੱਸੋ ਕਿ ਅਸੀਂ ਇੱਥੇ ਸਹਿਯੋਗ ਲਈ ਹਾਂ, ਯਿਸੂ ਮਸੀਹ ਦੀ ਪੂਰੀ ਦੇਹ ਦੀ ਮਦਦ ਕਰਨ ਲਈ—ਲਈ ਜੋ ਇੱਥੇ ਡੱਲਾਸ ਵਿੱਚ ਅਤੇ ਆਲੇ ਦੁਆਲੇ ਵਿੱਚ ਹੈ।

12 ਇਸ ਲਈ, ਕੱਲ ਦੁਪਹਿਰ, ਮੈਂ ਸੋਚਦਾ ਹਾਂ, ਢਾਈ ਵਜੇ, ਮੈਂ ਇੱਕ ਖੁਸ਼ਖਬਰੀ ਦਾ ਸੰਦੇਸ਼ ਦੇਣ ਵਾਲਾ ਹਾਂ। ਅਤੇ ਫਿਰ ਅਸੀਂ ਸਾਰੇ ਬਿਮਾਰ ਲੋਕਾਂ ਲਈ ਪ੍ਰਾਰਥਨਾ ਕਰਨ ਜਾ ਰਹੇ ਹਾਂ, ਸਾਰੇ ਪ੍ਰਾਰਥਨਾ ਕਾਰਡ ਅਤੇ ਉਹ ਚੀਜ਼ਾਂ ਨੂੰ ਲਵਾਂਗੇ ਜੋ ਹਫ਼ਤੇ ਭਰ ਵਿੱਚ ਬਚੀਆਂ ਹਨ, ਅਤੇ ਕੱਲ੍ਹ ਉਨ੍ਹਾਂ ਲਈ ਪ੍ਰਾਰਥਨਾ ਕਰਾਂਗੇ।

13 ਹੁਣ ਮੇਰਾ ਅੱਜ ਰਾਤ ਦਾ ਵਿਸ਼ਾ ਇੱਕ ਛੋਟੇ ਨਾਟਕ ਵਰਗਾ ਹੈ, ਸਿਰਫ ਕੁਝ ਪਲਾਂ ਲਈ। ਅਤੇ ਮੈਂ ਅੱਜ ਰਾਤ ਨੂੰ ਜਿੰਨੀ ਵੀ ਹੋ ਸਕੇ, ਬਿਮਾਰਾਂ ਲਈ

ਪ੍ਰਾਰਥਨਾ ਕਰਨ ਦੀ ਕੋਸ਼ਿਸ਼ ਕਰਨ ਜਾ ਰਿਹਾ ਹਾਂ। ਮੇਰਾ ਪਾਠ ਹੈ, "ਡਰੋ ਨਾ, ਇਹ ਮੈਂ ਹਾਂ," ਯਿਸੂ ਬੋਲ ਰਿਹਾ ਹੈ। ਮੇਰਾ ਵਿਸ਼ਾ ਹੈ: *ਝੀਲ ਉੱਤੇ ਇੱਕ ਗਵਾਹੀ।*

14 ਇਹ ਲੱਗਭਗ ਢਲੀ ਦੁਪਹਿਰ ਦਾ ਸਮਾਂ ਹੋਣਾ ਚਾਹੀਦਾ ਹੈ, ਜਦੋਂ ਇਹ ਵਾਪਰਿਆ ਤਾਂ ਸੂਰਜ ਡੁੱਬ ਰਿਹਾ ਹੋਵੇਗਾ, ਅਤੇ ਹੁਣ ਇੱਕ ਗਰਮ ਦਿਨ ਰਿਹਾ ਹੋਵੇਗਾ ਜਿਵੇਂ ਇਹ ਇੱਥੇ ਹੈ।

15 ਏਅਰ ਕੰਡੀਸ਼ਨਰ ਖਰਾਬ ਹੈ, ਅਤੇ ਉਹ ਇਸ ਨੂੰ ਠੀਕ ਕਰ ਰਹੇ ਹਨ। ਇਹੀ ਕਾਰਨ ਹੈ ਕਿ ਮੈਂ ਆਪਣਾ ਵਿਸ਼ਾ ਬਦਲ ਲਿਆ, ਜਿਸ ਬਾਰੇ ਮੈਂ ਬੋਲਣ ਜਾ ਰਿਹਾ ਸੀ, ਤਾਂ ਜੋ ਮੈਂ ਇਸ ਨਾਲ ਜਲਦੀ ਕਰ ਸਕਦਾ ਹਾਂ, ਇਸ ਲਈ ਤੁਹਾਨੂੰ ਇਸ ਤਰ੍ਹਾਂ ਗਰਮੀ ਵਿੱਚ ਨਹੀਂ ਬੈਠਣਾ ਪਏਗਾ।

16 ਇਹ ਵੱਡਾ ਮਛੇਰਾ, ਦਿਨ ਭਰ ਜੋ ਕੁਝ ਉਸ ਕੋਲ ਸੀ, ਉਸ ਨੂੰ ਦੇਖਣ ਤੋਂ ਬਾਅਦ, ਯਿਸੂ ਨੂੰ ਉਸਦੀ ਮਹਾਨ ਸੇਵਕਾਈ ਵਿੱਚ ਦੇਖ ਰਿਹਾ ਸੀ।

17 ਮੈਨੂੰ ਉਸ ਦਿਨ ਵਿਚ ਰਹਿਣਾ ਚੰਗਾ ਲੱਗਦਾ, ਉਸ ਦੇ ਮਗਰ ਲੱਗਕੇ। ਪਰ, ਤੁਸੀਂ ਜਾਣਦੇ ਹੋ, ਮੈਨੂੰ ਖੁਸ਼ੀ ਹੈ ਕਿ ਮੇਰੇ ਕੋਲ ਅਜੇ ਵੀ ਉਹੀ ਕੰਮ ਕਰਨ ਦਾ ਮੌਕਾ ਹੈ, ਉਸਨੂੰ ਕੰਮ ਕਰਦੇ ਹੋਏ ਦੇਖਣਾ। ਅਤੇ ਅੱਜ ਉਸ ਨੂੰ ਦੇਖਣਾ ਉਸ ਸਮੇਂ ਨਾਲੋਂ ਵੱਧ ਹੈ। ਮੈਨੂੰ ਹੁਣ ਉਸ ਵਿੱਚ ਵਧੇਰੇ ਵਿਸ਼ਵਾਸ ਹੈ, ਅਤੇ ਹੁਣ ਮੈਂ ਉਸ ਵਿੱਚ ਵੱਧ ਵਿਸ਼ਵਾਸ ਕਰ ਸਕਦਾ ਹਾਂ ਜਿੰਨਾ ਮੈਂ ਉਸ ਸਮੇਂ ਕਰਦਾ, ਕਿਉਂਕਿ ਸਾਡੇ ਕੋਲ ਇਹ ਸਾਬਤ ਕਰਨ ਲਈ ਦੋ ਹਜ਼ਾਰ ਸਾਲ ਸਨ ਕਿ ਇੰਜੀਲ ਸਹੀ ਹੈ। ਅਤੇ ਦੋ ਹਜ਼ਾਰ ਸਾਲਾਂ ਬਾਅਦ, ਉਹ ਅਜੇ ਵੀ ਜਿਉਂਦਾ ਹੈ, ਉਸੇ ਤਰ੍ਹਾਂ ਕਰ ਰਿਹਾ ਹੈ ਜਿਵੇਂ ਉਸਨੇ ਉਦੋਂ ਕੀਤਾ ਸੀ, ਇਸ ਲਈ ਸਾਡੇ ਕੋਲ ਵੱਡਾ ਭਰੋਸਾ ਅਤੇ ਵਿਸ਼ਵਾਸ ਲਈ ਉਨ੍ਹਾਂ ਦੇ ਉਸ ਸਮੇਂ ਨਾਲੋਂ ਵੱਡੀ ਬੁਨਿਆਦ ਹੈ।

18 ਕਿਉਂਕਿ, ਉਹ ਸਿਰਫ ਇੱਕ ਆਦਮੀ ਸੀ ਜੋ ਇਸ ਦਾਅਵੇ ਨਾਲ ਘੁੰਮ ਰਿਹਾ ਸੀ ਕਿ—ਕਿ ਉਹ ਪਰਮੇਸ਼ੁਰ ਵੱਲੋਂ ਭੇਜਿਆ ਗਿਆ ਸੀ ਅਤੇ ਪਰਮੇਸ਼ੁਰ ਦਾ ਪੁੱਤਰ ਸੀ, ਅਤੇ ਇਹ ਕਿ ਪਰਮੇਸ਼ੁਰ ਉਸ ਦਿਨ ਦੇ ਆਪਣੇ ਵਾਅਦਾ ਕੀਤੇ ਵਚਨ ਨੂੰ ਪ੍ਰਮਾਣਿਤ ਕਰ ਰਿਹਾ ਸੀ, ਉਸਦੇ ਦੁਆਰਾ, ਅਤੇ ਫਿਰ ਵੀ ਉਹਨਾਂ ਕੋਲ ਇਸ ਤੇ ਸ਼ੱਕ ਕਰਨ ਦਾ ਕੁਝ ਕਾਰਨ ਸੀ। ਧਰਮ ਸ਼ਾਸਤਰੀ, ਉਹ ਸਨ! ਅਤੇ ਤੁਸੀਂ ਦੇਖਿਆ ਕਿ ਇਹ ਇੱਕ ਤਰਸਯੋਗ ਗੱਲ ਸੀ, ਇਹ ਸੱਚਮੁੱਚ ਤਰਸਯੋਗ ਸੀ, ਕਿਉਂਕਿ ਉਹ ਧਰਮ ਸ਼ਾਸ਼ਤਰੀ ਵਿਸ਼ਵਾਸ ਕਰ ਲੈਂਦੇ ਜੇਕਰ ਪਰਮੇਸ਼ੁਰ ਨੇ ਉਨ੍ਹਾਂ ਦੀਆਂ ਅੱਖਾਂ ਨੂੰ ਅੰਨ੍ਹਾ ਨਾ ਕੀਤਾ ਹੁੰਦਾ। ਬਾਈਬਲ ਨੇ ਇਸ ਤਰ੍ਹਾਂ ਕਿਹਾ ਹੈ।

19 ਅਤੇ ਕੀ ਤੁਸੀਂ ਜਾਣਦੇ ਹੋ ਕਿ ਉਸਨੇ ਵਾਅਦਾ ਕੀਤਾ ਸੀ ਕਿ ਉਹ ਅੱਜ ਫਿਰ ਉਹਨਾਂ ਦੀਆਂ ਅੱਖਾਂ ਅੰਨ੍ਹੀਆਂ ਕਰ ਦੇਵੇਗਾ, ਤਾਂ ਜੋ ਉਹ ਇਸਨੂੰ ਨਾ ਵੇਖ ਸਕਣ? ਉਹ ਹੋਣਗੇ "ਜਿੱਦੀ, ਹੰਕਾਰੀ, ਪਰਮੇਸ਼ੁਰ ਦੇ ਨਹੀਂ ਸਗੋਂ ਭੋਗ ਬਿਲਾਸ ਦੇ ਪ੍ਰੇਮੀ, ਨੇਮ ਤੋੜਨ ਵਾਲੇ, ਝੂਠੇ ਇਲਜ਼ਾਮ ਲਾਉਣ ਵਾਲੇ, ਅਸੰਜਮੀ, ਚੰਗੇ ਲੋਕਾਂ ਦੀ ਨਿੰਦਿਆ ਕਰਨ ਵਾਲੇ; ਭਗਤੀ ਦਾ ਇੱਕ ਰੂਪ ਧਾਰਨਗੇ, ਪਰ ਉਸ ਦੀ ਸ਼ਕਤੀ ਦੇ ਇਨਕਾਰੀ ਹੋਣਗੇ।" ਬਿਲਕੁਲ ਇੱਕ ਵਾਅਦਾ ਜੋ ਉਦੋਂ ਕੀਤਾ ਗਿਆ ਸੀ। ਅਤੇ ਤੁਸੀਂ ਕੁਝ ਨਹੀਂ ਪਰ ਸਿਰਫ਼ ਲੋਕਾਂ ਲਈ ਅਫ਼ਸੋਸ ਮਹਿਸੂਸ ਕਰ ਸਕਦੇ ਹੋ, ਅਤੇ ਉਨ੍ਹਾਂ ਦੀਆਂ ਅੱਖਾਂ ਅੱਜ ਤੱਕ ਅੰਨ੍ਹੀਆਂ ਕੀਤੀਆਂ ਜਾ ਰਹੀਆਂ ਹਨ। ਲਿਖਤਾਂ ਦੇ ਨਾਲ ਜਿਸਦਾ ਪਰਮੇਸ਼ੁਰ ਨੇ ਵਾਅਦਾ ਕੀਤਾ ਹੈ ਜੋ ਇਸ ਦਿਨ ਵਿੱਚ ਪੂਰੀਆਂ ਹੋਣਗੀਆਂ, ਇਸ ਘੜੀ ਵਿੱਚ, ਅਤੇ ਅਸੀਂ ਬਿਲਕੁਲ ਇਸਨੂੰ ਦੇਖ ਰਹੇ ਹਾਂ ਅਤੇ ਇਸ ਤੇ ਨਜਰ ਬਣਾਏ ਹੋਏ ਹਾਂ। ਅਤੇ ਫਿਰ ਲੋਕ ਦੇਖਦੇ ਹਨ, ਅਤੇ ਆਪਣਾ ਸਿਰ ਹਿਲਾ ਕੇ ਚਲੇ ਜਾਂਦੇ ਹਨ, ਕਹਿੰਦੇ ਹਨ, "ਮੈਂ ਇਹ ਨਹੀਂ ਦੇਖਦਾ।" ਇਹ ਇੱਕ ਤਰਸਯੋਗ ਗੱਲ ਹੈ, ਪਰ ਅਜੇ ਵੀ ਲਿਖਤਾਂ ਨੇ ਪੂਰਾ ਹੋਣਾ ਹੀ ਹੈ। ਇਹ ਇਸ ਤਰ੍ਹਾਂ ਹੋਣਾ ਚਾਹੀਦਾ ਹੈ।

20 ਇਸ ਲਈ ਇਹ ਚੇਲੇ ਪਰਮੇਸ਼ੁਰ ਦੁਆਰਾ ਚੁਣੇ ਗਏ ਸਨ। ਕੀ ਤੁਸੀਂ ਧਿਆਨ ਦਿੱਤਾ, ਯਿਸੂ ਨੇ ਉਨ੍ਹਾਂ ਨੂੰ ਕਿਹਾ, "ਜਗਤ ਦੀ ਨੀਂਹ ਤੋਂ ਪਹਿਲਾਂ," ਉਸਨੇ ਉਹਨਾਂ ਨੂੰ ਚੁਣਿਆ, ਅਤੇ ਉਹ ਪਰਮੇਸ਼ੁਰ ਦੇ ਨਿਯੁਕਤ ਕੀਤੇ ਹੋਏ ਬੀਜ ਸਨ। ਇਸ ਲਈ ਜਦੋਂ ਮੁਸੀਬਤਾਂ ਆਉਂਦੀਆਂ ਹਨ, ਅਤੇ ਇੰਝ ਲੱਗਦਾ ਸੀ ਕਿ ਯਿਸੂ ਨੂੰ ਲੋਕਾਂ ਨੇ ਕੋਨੇ ਵਿੱਚ ਦੱਬ ਲਿਆ ਸੀ, ਇੱਕ ਸਵਾਲ ਤੇ, ਉਨ੍ਹਾਂ ਕੋਲ ਕੋਈ ਸਵਾਲ ਨਹੀਂ ਸੀ। ਉਹ ਇਸ ਨੂੰ ਸਮਝ ਨਹੀਂ ਸਕੇ, ਪਰ ਉਹ ਉਸ ਤੋਂ ਇਲਾਵਾ ਹੋਰ ਕੁਝ ਨਹੀਂ ਜਾਣਨ ਲਈ ਦ੍ਰਿੜ ਸਨ। "ਤੇਰੇ ਕੋਲ ਕੇਵਲ ਜੀਵਨ ਦਾ ਵਚਨ ਹੈ।" ਅਤੇ ਉਹ ਇਸਦੇ ਨਾਲ ਰਹਿਣ ਲਈ ਦ੍ਰਿੜ ਸਨ, ਕਿਉਂਕਿ ਉਹਨਾਂ ਨੂੰ ਉਸ ਦਫਤਰ ਲਈ ਨਿਯੁਕਤ ਕੀਤਾ ਗਿਆ ਸੀ।

21 ਅਤੇ ਇਹ ਅੱਜ ਵੀ ਇਸੇ ਤਰ੍ਹਾਂ ਹੈ, ਕਿ ਮਰਦ ਅਤੇ ਔਰਤਾਂ, ਜੋ ਅਨੰਤ ਜੀਵਨ ਲਈ ਨਿਯੁਕਤ ਕੀਤੇ ਗਏ ਹਨ, ਅਨੰਤ ਜੀਵਨ ਲਈ ਆਉਣਗੇ। "ਉਹ ਸਾਰੇ ਜੋ ਪਿਤਾ ਨੇ ਮੈਨੂੰ ਦਿੱਤੇ ਹਨ ਮੇਰੇ ਕੋਲ ਆਉਣਗੇ।" ਇਹ ਉਸਦਾ ਵਚਨ ਹੈ, ਅਤੇ ਇਹ ਅਸਫਲ ਨਹੀਂ ਹੋ ਸਕਦਾ। ਇਹ—ਇਹ ਪਰਮੇਸ਼ੁਰ ਦਾ ਵਚਨ ਹੈ।

22 ਅਤੇ ਹੁਣ ਅਸੀਂ ਇਹਨਾਂ ਚੇਲਿਆਂ ਨੂੰ ਵੇਖਦੇ ਹਾਂ, ਜਿਹਨਾਂ ਦੀ ਉਸ ਦਿਨ ਇੱਕ ਮਹਾਨ ਸਭਾ ਹੋਈ ਸੀ, ਇੱਕ ਪਹਾੜ ਦੇ ਕਿਨਾਰੇ ਇੱਕ ਵੱਡੇ ਮੈਦਾਨ ਵਿੱਚ। ਅਤੇ ਯਿਸੂ ਨੇ ਉਨ੍ਹਾਂ ਨੂੰ ਕਿਹਾ ਸੀ, "ਹੁਣ ਤੁਸੀਂ ਸਮੁੰਦਰ ਤੋਂ ਪਾਰ ਜਾਓ,

ਮੇਰੇ ਤੋਂ ਪਹਿਲਾਂ।" ਅਤੇ ਉਹ ਪਹਾੜ ਉੱਤੇ ਜਾ ਰਿਹਾ ਸੀ, ਇਕੱਲਾ, ਪ੍ਰਾਰਥਨਾ ਕਰਨ ਲਈ। ਅਤੇ ਇਹ ਚੇਲੇ, ਦੋਸਤਾਂ ਨੂੰ ਮਿਲਣ ਤੋਂ ਬਾਅਦ, ਮੈਂ ਕਲਪਨਾ ਕਰ ਸਕਦਾ ਹਾਂ ਕਿ ਉਨ੍ਹਾਂ ਨੂੰ ਕਿਵੇਂ ਮਹਿਸੂਸ ਹੋ ਰਿਹਾ ਹੋਵੇਗਾ।

23 ਕਿਉਂਕਿ, ਦੋਸਤਾਂ ਨੂੰ ਮਿਲਣਾ, ਅਤੇ ਫਿਰ ਦੋਸਤਾਂ ਤੋਂ ਜੁਦਾ ਹੋਣਾ; ਬੱਸ ਜਿਸ ਸਮੇਂ ਤੁਹਾਡੀ ਜਾਣ ਪਛਾਣ ਹੋਈ ਹੀ ਹੁੰਦੀ ਹੈ, ਤਦ ਤੁਹਾਨੂੰ ਅਲਵਿਦਾ ਕਹਿਣਾ ਪੈਂਦਾ ਹੈ। ਅਤੇ ਇਹ ਹਮੇਸ਼ਾ ਮੇਰੇ ਲਈ ਦਿਲ ਦੀ ਦਰਦ ਜਿਹਾ ਰਿਹਾ ਹੈ, ਪੂਰੇ ਦੇਸ਼ ਵਿੱਚ, ਦੁਨੀਆ ਭਰ ਵਿੱਚ, ਦੋਸਤਾਂ ਨੂੰ ਮਿਲਦਾ ਸੀ ਅਤੇ ਫਿਰ ਉਨ੍ਹਾਂ ਤੋਂ ਜੁਦਾ ਹੋ ਜਾਂਦਾ ਸੀ, ਇਹ ਜਾਣਦੇ ਹੋਏ ਕਿ ਬਹੁਤ ਸਾਰੇ ਹਨ ਜਿਨ੍ਹਾਂ ਨੂੰ ਤੁਸੀਂ ਉਦੋਂ ਤਕ ਨਹੀਂ ਵੇਖੋਂਗੇ ਜੱਦ ਤਕ ਨਿਆਂ ਨਹੀਂ ਹੁੰਦਾ। ਇਹ ਇੱਕ ਕਿਸਮ ਦਾ ਦੁਖਦਾਇਕ ਮਾਮਲਾ ਹੈ।

24 ਮੈਂ ਕਿਸ਼ਤੀ ਦੀ ਕਲਪਨਾ ਕਰ ਸਕਦਾ ਹਾਂ, ਇਸ ਦੀ ਕਮਾਨ ਕੰਢੇ ਤੇ ਧੱਕੀ ਗਈ। ਅਤੇ ਸ਼ਮਊਨ ਪਤਰਸ ਹੋਣਾ ਚਾਹੀਦਾ ਹੈ, ਜਿਸ ਦੀਆਂ ਵੱਡੀਆਂ ਬਾਹਾਂ ਅਤੇ ਤਕੜੇ ਮੋਢੇ ਸਨ, ਜਿਸ ਨੇ ਕਿਸ਼ਤੀ ਨੂੰ ਧੱਕ ਦਿੱਤਾ ਅਤੇ ਇਸ ਦੀ ਝੀਲ ਵਿੱਚ ਅਗਵਾਈ ਕਰਨ ਲਗਾ। ਅਤੇ ਉਹ ਸਾਰੇ ਕੰਢੇ ਤੇ ਬੈਠੇ ਲੋਕਾਂ ਨੂੰ ਅਲਵਿਦਾ ਕਹਿ ਰਹੇ ਸਨ। ਅਤੇ ਉਹ ਚੀਕ ਰਹੇ ਸਨ, "ਦੁਬਾਰਾ ਵਾਪਸ ਆਉਣਾ ਅਤੇ ਸਾਨੂੰ ਮਿਲਣ ਲਈ ਗੁਰੂ ਨੂੰ ਲਿਆਓਣਾ! ਅਤੇ ਇੱਕ ਹੋਰ ਬੇਦਾਰੀ ਲਈ ਆਓ; ਸਾਨੂੰ ਅੱਜ ਬਹੁਤ ਅਸੀਸ ਮਿਲੀ ਹੈ!" ਅਤੇ ਨਵੇਂ ਦੋਸਤ ਹੱਥ ਲਹਿਰਾ ਰਹੇ ਹਨ। ਅਤੇ ਉਹ ਬਾਕੀ ਦੇ ਚੇਲਿਆਂ ਨਾਲ ਚੜ੍ਹ ਗਿਆ, ਅਤੇ ਸੰਭਵ ਤੌਰ ਤੇ ਆਪਣੇ ਭਰਾ ਅੰਦ੍ਰਿਯਾਸ ਦੇ ਕੋਲ ਬੈਠ ਗਿਆ, ਅੰਦ੍ਰਿਯਾਸ, ਅਤੇ ਪਤਵਾਰਾਂ ਨੂੰ ਚੁੱਕਿਆ।

25 ਜਹਾਜ਼ਾਂ ਨੂੰ ਜਾਂ ਤਾਂ ਹਵਾ ਦੁਆਰਾ ਚਲਾਇਆ ਜਾਂਦਾ ਸੀ ਜਾਂ ਪਤਵਾਰਾਂ ਨਾਲ ਜਿਨ੍ਹਾਂ ਨੂੰ ਉਹ ਚਲਾਉਂਦੇ ਸਨ। ਅਤੇ ਫਿਰ ਸ਼ਾਇਦ ਉਹ ਇੱਕ ਕਿਸ਼ਤੀ ਵਿਚਕਾਰ ਦੋ ਜਣੇ ਬੈਠਦੇ ਹੋਣਗੇ, ਦੋ ਇੱਕ ਪਾਸੇ, ਅਤੇ ਉਹ...ਜਾਂ ਇੱਕ ਸੀਟ ਵਿੱਚ ਦੋ, ਸਗੋਂ, ਸ਼ਾਇਦ ਛੇ ਜਾਂ ਅੱਠ ਪਤਵਾਰਾਂ ਦੇ ਜੋੜੇ ਸਨ। ਉਹ ਇੱਕੋ ਸਮੇਂ ਤੇ ਉਨ੍ਹਾਂ ਨੂੰ ਚਲਾਉਂਦੇ ਸਨ, ਅਤੇ ਇਸ ਤਰੀਕੇ ਨਾਲ ਉਹ ਕਿਸ਼ਤੀ ਨੂੰ ਲੈਅ ਵਿੱਚ ਰੱਖ ਸਕਦੇ ਸਨ ਜਦੋਂ ਤੂਫਾਨ ਆ ਰਿਹਾ ਹੁੰਦਾ ਸੀ। ਫਿਰ, ਆਮ ਤੌਰ ਤੇ ਵਗਣ ਵਾਲੀਆਂ ਹਵਾਵਾਂ, ਉਹ ਇੱਕ ਸਮੁੰਦਰੀ ਜਹਾਜ਼ ਨੂੰ ਚਲਾ ਸਕਦੀਆਂ ਹਨ, ਅਤੇ ਤੈਰਾ ਸਕਦੀਆਂ ਸਨ।

26 ਜਰੂਰ ਇੱਕ ਗਰਮ ਦੁਪਹਿਰ ਰਹੀ ਹੋਵੇਗੀ, ਇਸ ਘਟਨਾ ਤੋਂ ਬਿਲਕੁਲ ਪਹਿਲਾਂ ਦੀਆਂ ਲਿਖਤਾਂ ਤੋਂ ਇੰਝ ਲੱਗਦਾ ਹੈ, ਅਤੇ ਇਸ ਲਈ ਇਹ ਇੱਕ ਅਸਲ ਸ਼ਾਂਤ, ਧੁੱਪ ਵਾਲੀ, ਗਰਮ ਦੁਪਹਿਰ ਹੋਣੀ ਚਾਹੀਦੀ ਹੈ। ਸੂਰਜ ਡੁੱਬ

ਰਿਹਾ ਸੀ। ਅਤੇ ਉਹ, ਜਿਵੇਂ ਉਹ ਪਤਵਾਰ ਚਲਾ ਰਹੇ ਸਨ, ਅਤੇ ਫਿਰ ਢਿੱਲੇ ਹੋ ਗਏ ਅਤੇ ਲੋਕਾਂ ਨੂੰ ਅਲਵਿਦਾ ਕਰਨ ਲੱਗੇ, "ਉਮੀਦ ਕਰਦੇ ਹਾਂ ਤੁਹਾਨੂੰ ਦੁਬਾਰਾ ਮਿਲਾਂਗੇ," ਜੱਦ ਉਹ ਝੀਲ ਵਿੱਚ ਜਾ ਰਹੇ ਸਨ। ਅਤੇ ਸੂਰਜ ਦਾ ਡੁੱਬਣਾ, ਅਤੇ ਸ਼ਾਮ ਦਾ ਘੁਸਮੁਸਾ, ਅਤੇ ਫਿਰ ਥੋੜ੍ਹੀ ਦੇਰ ਬਾਅਦ ਹਨੇਰਾ ਛਾ ਗਿਆ।

27 ਅਤੇ ਜਰੂਰ ਉਨ੍ਹਾਂ ਨੇ ਪਤਵਾਰ ਨਾਲ—ਨਾਲ ਚੰਗੀ ਰਫ਼ਤਾਰ ਖਿੱਚੀ ਹੋਵੇਗੀ, ਅਤੇ ਇਹ ਇੱਕ ਔਖਾ ਕੰਮ ਹੁੰਦਾ ਹੈ ਜਦੋਂ ਉਹ ਵੱਡੇ ਭਾਰੀ ਪਤਵਾਰ ਸਮੁੰਦਰ ਵਿੱਚ ਡੁੱਬਕੀ ਲਗਾਉਂਦੇ ਹਨ। ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਮਛੇਰੇ ਸਨ—ਸਨ, ਅਤੇ ਵੱਡੇ ਤਾਕਤਵਰ ਆਦਮੀ ਸਨ, ਸਮੁੰਦਰ ਦੇ ਆਦੀ ਸਨ। ਅਤੇ ਇਸ ਲਈ ਉਹ ਯਿਸੂ ਦੇ ਬੇੜੀ ਵਿੱਚ ਚੜ੍ਹਨ ਅਤੇ ਉਨ੍ਹਾਂ ਦੇ ਪਿੱਛੇ ਆਉਣ ਦੀ ਉਮੀਦ ਕਰ ਰਹੇ ਸਨ, ਬਹੁਤ ਜਲਦੀ। ਕਿਉਂ, ਉਹ ਉੱਥੋਂ ਨਿਕਲ ਗਏ, ਅਤੇ ਉਹ ਕਿਨਾਰੇ ਤੋਂ ਥੋੜਾ ਜਿਹਾ ਹੀ ਦੂਰ ਗਏ ਹੋਣਗੇ; ਬਸ ਜਿਵੇਂ ਆਪਣੇ ਬੇੜੇ ਨੂੰ ਚਾਲੂ ਕੀਤਾ ਸੀ, ਅਤੇ ਫਿਰ ਛੱਡ ਦਿੱਤਾ ਸੀ।

28 ਹੋ ਸਕਦਾ ਹੈ ਕਿ ਨੌਜਵਾਨ ਯੂਹੰਨਾ ਬੋਲਣ ਵਾਲਾ ਪਹਿਲਾ ਵਿਅਕਤੀ ਹੋਵੇਗਾ, ਕਿਉਂਕਿ ਉਹ ਝੁੰਡ ਵਿੱਚੋਂ ਸਭ ਤੋਂ ਛੋਟਾ ਸੀ। ਅਤੇ ਜਰੂਰ ਉਸ ਨੇ ਇਹੀ ਕਿਹਾ ਹੋਵੇਗਾ, "ਮੈਂ ਥੋੜਾ ਜਿਹਾ ਥੱਕਿਆ ਹੋਇਆ ਹਾਂ। ਆਓ ਥੋੜਾ ਜਿਹਾ ਅਰਾਮ ਕਰੀਏ। ਇੱਕ ਮਿੰਟ ਇੰਤਜ਼ਾਰ ਕਰੋ, ਸਾਨੂੰ ਜਲਦੀ ਕਰਨ ਦੀ ਲੋੜ ਨਹੀਂ ਹੈ। ਉਹ ਅਜੇ ਤੱਕ ਨਹੀਂ ਆਇਆ ਹੈ, ਇਸ ਲਈ ਅਸੀਂ ਵੀ ਥੋੜਾ ਸਮਾਂ ਇੰਤਜ਼ਾਰ ਕਰ ਸਕਦੇ ਹਾਂ ਅਤੇ ਹਵਾ ਦਾ ਚੰਗਾ ਸਾਹ ਲੈ ਸਕਦੇ ਹਾਂ।"

29 ਅਤੇ ਜਦੋਂ ਉਹ ਉੱਥੇ ਆਪਣਾ ਸਿਰ ਥੋੜਾ ਜਿਹਾ ਹੇਠਾਂ ਕਰ ਕੇ ਬੈਠ ਗਿਆ, ਤਾਂ ਉਸਨੇ ਜਰੂਰ ਇੱਕ ਗਵਾਹੀਆਂ ਦੀ ਸਭਾ ਸ਼ੁਰੂ ਕੀਤੀ ਹੋਵੇਗੀ। ਅਤੇ ਇਹ ਉਹੀ ਹੈ ਜਿਸ ਬਾਰੇ ਮੈਂ ਗੱਲ ਕਰਨਾ ਚਾਹੁੰਦਾ ਹਾਂ। ਜਰੂਰ ਉਹੀ ਹੋਵੇਗਾ ਜਿਹੜਾ ਪਹਿਲਾਂ ਉੱਠਿਆ, ਅਤੇ ਕਿਹਾ, "ਭਰਾਵੋ, ਲੋਕ ਜੋ ਮਰਜ਼ੀ ਕਹਿਣ, ਅਤੇ ਕੋਈ ਕਿੰਨੀ ਵੀ ਬੇਪਰਤੀਤੀ ਕਰਨੀ ਚਾਹੁੰਦਾ ਹੋਵੇ, ਮੈਨੂੰ ਯਕੀਨ ਹੈ ਕਿ ਹੁਣ, ਅੱਜ ਤੋਂ ਬਾਅਦ, ਅਸੀਂ ਇੱਕ ਪਖੰਡੀ ਦੇ ਪਿੱਛੇ ਨਹੀਂ ਲੱਗੇ ਹੋਏ ਹਾਂ। ਅਸੀਂ ਪਰਮੇਸ਼ੁਰ ਤੋਂ ਘੱਟ ਕਿਸੇ ਵੀ ਚੀਜ਼ ਦਾ ਪਿੱਛਾ ਨਹੀਂ ਕਰ ਰਹੇ ਹਾਂ, ਕਿਉਂਕਿ ਕੋਈ ਵੀ ਮਨੁੱਖ ਉਹ ਨਹੀਂ ਕਰ ਸਕਦਾ ਸੀ ਜੋ ਉਸਨੇ ਅੱਜ ਕੀਤਾ ਹੈ ਜੇ ਉਹ ਪਰਮੇਸ਼ੁਰ ਨਾ ਹੁੰਦਾ। ਤੁਸੀਂ ਜਾਣਦੇ ਹੋ, ਜਦੋਂ ਉਸਨੇ ਉਹ ਬਿਸਕੁਟ ਲਏ ਅਤੇ ਉਨ੍ਹਾਂ ਨੂੰ ਤੋੜਿਆ ਅਤੇ ਪੰਜ ਹਜ਼ਾਰ ਨੂੰ ਉਥੇ ਖੁਆਇਆ, ਇਹ ਮੇਰੇ ਲਈ ਸਭ ਤੋਂ ਅਦਭੁਤ ਗੱਲ ਹੈ। ਅੱਜ ਤੱਕ ਕੋਈ ਸਵਾਲ ਹੋ ਸਕਦਾ ਸੀ,"

ਹੁਣ ਮੈਂ ਉਸਦੀ ਗਵਾਹੀ ਨੂੰ ਦੁਹਰਾ ਰਿਹਾ ਹਾਂ ਜਿਵੇਂ ਇਹ ਸੀ, “ਪਰ ਉਸ ਨੇ ਇਸ ਦਾ ਨਬੇੜਾ ਕਰ ਦਿੱਤਾ ਹੈ।”

30 ਕਿਹਾ, “ਮੈਨੂੰ ਕਈ ਸਾਲ ਪਹਿਲਾਂ ਯਾਦ ਹੈ। ਮੈਂ ਜਰਦਨ ਦੇ ਨੇੜੇ ਰਹਿੰਦਾ ਸੀ। ਅਤੇ ਮੈਨੂੰ ਯਾਦ ਹੈ, ਜੱਦ ਮੈਂ ਇੱਕ ਛੋਟਾ ਬੱਚਾ ਸੀ, ਕਿਵੇਂ ਮੇਰੀ ਸੁੰਦਰ, ਯਹੂਦੀ ਮਾਂ ਮੈਨੂੰ, ਦੁਪਹਿਰ ਨੂੰ ਚੁੱਕਦੀ ਸੀ, ਅਤੇ ਮੈਨੂੰ ਆਪਣੀ ਗੋਦੀ ਵਿੱਚ ਬਿਠਾਉਂਦੀ ਸੀ ਹਿਲਾਉਂਦੀ ਹੁੰਦੀ ਸੀ, ਅਤੇ ਬਾਹਰ ਵਿਹੜੇ ਵਿੱਚ, ਜਦੋਂ ਯਰਦਨ ਨਦੀ ਦੇ ਕੰਢੇ ਭੁੱਕੀ ਦੇ ਫੁੱਲ ਖਿੜ ਰਹੇ ਸਨ। ਅਤੇ ਉਹ ਮਾਰੂਥਲ ਵੱਲ ਵੇਖਦੀ ਹੁੰਦੀ ਸੀ, ਜਿੱਥੋਂ ਸਾਡੇ ਲੋਕਾਂ ਨੂੰ ਇਸ ਮਾਰੂਥਲ ਵਿੱਚੋਂ ਲਿਆਂਦਾ ਗਿਆ ਸੀ। ਉਹ ਮੈਨੂੰ ਬਾਈਬਲ ਦੀਆਂ ਕਹਾਣੀਆਂ ਸੁਣਾਉਂਦੀ ਸੀ। ਇੱਕ ਮਹਾਨ ਕਹਾਣੀ ਜੋ ਮੈਨੂੰ ਯਾਦ ਹੈ, ਸ਼ੂਨੰਮੀ ਔਰਤ ਅਤੇ ਜਦੋਂ ਉਸਦਾ ਛੋਟਾ ਲੜਕਾ ਮਰ ਗਿਆ, ਅਤੇ—ਅਤੇ ਨਬੀ ਨੇ ਇਸ ਛੋਟੇ ਬੱਚੇ ਨੂੰ ਮੁਰਦਿਆਂ ਵਿੱਚੋਂ ਜੀਉਂਦਾ ਕੀਤਾ। ਇਹ ਇੱਕ ਰੋਮਾਂਚਕ ਕਹਾਣੀ ਹੋਇਆ ਕਰਦੀ ਸੀ।

31 “ਪਰ ਸਭ ਤੋਂ ਰੋਮਾਂਚਕ ਕਹਾਣੀਆਂ ਵਿੱਚੋਂ ਇੱਕ, ਅਤੇ ਮਾਂ ਮੈਨੂੰ ਸੁਣਾਉਂਦੀ ਸੀ, ਉਹ ਕਹਿੰਦੀ ਸੀ, ‘ਹੁਣ, ਯੂਹੰਨਾ, ਤੁਸੀਂ ਸਿਰਫ਼ ਇੱਕ ਛੋਟੇ ਲੜਕੇ ਹੋ; ਪਰ ਮੈਂ ਚਾਹੁੰਦੀ ਹਾਂ ਕਿ ਤੁਸੀਂ ਯਾਦ ਰੱਖੋ, ਜੱਦ ਤੁਸੀਂ ਵੱਡੇ ਹੋਵੋ, ਕਿ, ਮਹਾਨ ਯਹੋਵਾਹ ਨੇ ਸਾਡੇ ਲੋਕਾਂ ਨੂੰ ਮਿਸਰ ਵਿੱਚੋਂ ਬਾਹਰ ਲਿਆਂਦਾ, ਅਤੇ ਅਸੀਂ ਉਸ ਉਜਾੜ ਵਿੱਚੋਂ ਉਸ ਨਦੀ ਦੇ ਪਾਰੋਂ ਆਏ ਸਾਂ। ਅਤੇ ਚਾਲੀ ਸਾਲਾਂ ਤੱਕ, ਉਹ ਉਸ ਉਜਾੜ ਵਿੱਚ ਸਫ਼ਰ ਕਰਦੇ ਰਹੇ, ਨਾ ਕੱਪੜੇ ਪਾਉਣ ਲਈ ਥਾਂ, ਅਤੇ ਨਾ ਖਾਣ ਲਈ ਕੋਈ ਥਾਂ। ਅਤੇ ਪਰਮੇਸ਼ੁਰ ਨੇ ਅਕਾਸ਼ ਵਿੱਚੋਂ ਰੋਟੀ ਦਾ ਮੀਂਹ ਵਰ੍ਹਾਇਆ, ਹਰੇਕ ਰਾਤ, ਅਤੇ ਸਾਡੇ ਲੋਕਾਂ ਨੂੰ ਉਸ ਉਜਾੜ ਵਿੱਚ ਰਜਾਇਆ, ਕਿਉਂਕਿ ਉਹ ਆਪਣਾ ਫ਼ਰਜ ਨਿਭਾ ਰਹੇ ਸਨ, ਮਹਾਨ ਯਹੋਵਾਹ ਦੇ ਪਿੱਛੇ ਚਲ ਰਹੇ ਸਨ। ਅਤੇ ਹੁਣ, ਕਿਸੇ ਦਿਨ, ਯਹੋਵਾਹ ਇੱਥੇ ਧਰਤੀ ਉੱਤੇ ਦੇਹਧਾਰੀ ਹੋਵੇਗਾ, ਇੱਕ ਮਨੁੱਖ ਦੇ ਰੂਪ ਵਿੱਚ, ਉਸਨੂੰ ਮਸਹ ਕੀਤਾ ਹੋਇਆ, ਮਸੀਹਾ ਕਿਹਾ ਜਾਵੇਗਾ।’

32 “ਅਤੇ ਮੈਨੂੰ ਯਾਦ ਹੈ,” ਉਹ ਕਹਿੰਦਾ ਹੈ, “ਜਦੋਂ ਮੈਂ ਛੋਟਾ ਲੜਕਾ ਸੀ, ਮੇਰੇ ਛੋਟੇ ਜਿਹੇ ਲੜਕੇ ਦੇ ਦਿਮਾਗ ਨੂੰ ਕਿਵੇਂ ਪਤਾ ਲੱਗਦਾ ਸੀ, ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰਦਾ ਸੀ, ‘ਪਰਮੇਸ਼ੁਰ ਨੇ ਉਨ੍ਹਾਂ ਸਾਰਿਆਂ ਨੂੰ ਕਿਵੇਂ ਰਜਾਇਆ, ਪੱਚੀ ਲੱਖ ਲੋਕਾਂ ਨੂੰ, ਉਸ ਉਜਾੜ ਵਿੱਚ? ਉਸ ਨੇ ਏਨੀ ਸਾਰੀ ਰੋਟੀ ਕਿਵੇਂ ਲਿਆਂਦੀ?’ ਅਤੇ ਮੈਂ ਮਾਂ ਨੂੰ ਪੁੱਛਦਾ ਸੀ, ‘ਮਾਂ, ਕੀ ਉਸ ਕੋਲ ਹਨ, ਕੀ—ਕੀ ਯਹੋਵਾਹ ਨੇ ਅਕਾਸ਼ ਵਿੱਚ ਬਹੁਤ ਸਾਰੇ ਤੰਦੂਰ ਲਗਾਏ ਹੋਏ ਹਨ, ਅਤੇ ਉਹ ਸਾਰੀਆਂ ਰੋਟੀਆਂ ਪਕਾਉਂਦਾ ਸੀ, ਅਤੇ ਰਾਤ ਨੂੰ ਭੱਜ ਕੇ ਹੇਠਾਂ ਆਉਂਦਾ

ਸੀ ਅਤੇ ਉਸ ਨੂੰ ਬਾਹਰ ਜਮੀਨ ਤੇ ਵਿਛਾ ਦਿੰਦਾ ਸੀ, ਲੋਕਾਂ ਲਈ, ਅਤੇ ਕੀ ਯਹੋਵਾਹ ਦੇ ਵੱਡੇ ਅਕਾਸ਼ ਤੰਦੂਰਾਂ ਨਾਲ ਭਰੇ ਹੋਏ ਹਨ?' ਉਹ ਕਹਿੰਦੀ ਹੁੰਦੀ ਸੀ, 'ਨਹੀਂ, ਪੁੱਤਰ, ਤੁਸੀਂ ਇਹ ਸਮਝਣ ਲਈ ਬਹੁਤ ਛੋਟੇ ਹੋ। ਦੇਖੋ, ਯਹੋਵਾਹ ਸਿਰਜਣਹਾਰ ਹੈ। ਉਸਨੂੰ ਤੰਦੂਰਾਂ ਦੀ ਲੋੜ ਨਹੀਂ ਹੈ। ਉਹ ਸਿਰਫ਼ ਬੋਲਦਾ ਹੈ, ਅਤੇ ਜਦੋਂ ਉਹ ਬੋਲਦਾ ਹੈ ਤਾਂ ਉਸਦਾ ਬਚਨ ਪ੍ਰਗਟ ਹੁੰਦਾ ਹੈ। ਉਹ ਮਹਾਨ ਯਹੋਵਾਹ ਹੈ, ਅਤੇ ਉਸ ਨੇ ਕੇਵਲ ਇਸ ਨੂੰ ਬੋਲਿਆ ਸੀ। ਅਤੇ ਦੂਤ ਇਸ ਨੂੰ ਜ਼ਮੀਨ ਤੇ ਵੰਡਦੇ ਸਨ, ਲੋਕਾਂ ਲਈ।'

33 "ਅਤੇ ਅੱਜ, ਜਦੋਂ ਮੈਂ ਉਸਨੂੰ ਉੱਥੇ ਖੜਾ ਦੇਖਿਆ, ਕੀ ਤੁਸੀਂ ਉਸਦੇ ਚਿਹਰੇ ਦੇ ਰੂਪ ਨੂੰ ਦੇਖਿਆ? ਉਸ ਦੇ ਮਨ ਵਿਚ ਕੋਈ ਸ਼ੱਕ ਨਹੀਂ ਸੀ। ਮੈਂ ਚੱਟਾਨ ਦੇ ਪਿੱਛੇ ਚੜ੍ਹ ਗਿਆ, ਅਤੇ ਉਸਨੂੰ ਦੇਖਿਆ ਜਦੋਂ ਉਸਨੇ ਉਹ ਰੋਟੀ ਲਈ ਅਤੇ ਇਸਨੂੰ ਤੋੜਿਆ, ਅਤੇ ਇਸਨੂੰ ਦੇ ਦਿੱਤਾ...ਉਸ ਦੇ ਸੇਵਕਾਂ ਨੂੰ, ਸਾਨੂੰ, ਇਸ ਨੂੰ ਲੋਕਾਂ ਵਿੱਚ ਵੰਡਣ ਲਈ। ਅਤੇ ਫਿਰ ਜਦੋਂ ਉਹ ਦੁਬਾਰਾ ਤੋੜਨ ਲਗਾ, ਤਾਂ ਉਹ ਰੋਟੀ ਫਿਰ ਪੂਰੀ ਹੋ ਗਈ। ਅਤੇ ਉਸਨੇ ਸੈਂਕੜੇ ਵਾਰ ਅਜਿਹਾ ਕੀਤਾ, ਜਦੋਂ ਤੱਕ ਹਰ ਕੋਈ ਰੱਜ ਨਹੀਂ ਗਿਆ, ਅਤੇ ਉੱਥੇ ਟੋਕਰੀਆਂ, ਭਰੀਆਂ ਹੋਈਆਂ, ਚੁੱਕੀਆਂ ਗਈਆਂ ਸਨ। ਮੈਂ ਜਾਣਦਾ ਹਾਂ ਕਿ ਉਹ ਯਹੋਵਾਹ ਨਾਲੋਂ ਘੱਟ ਨਹੀਂ ਹੋ ਸਕਦਾ, ਕਿਉਂਕਿ ਉਸ ਨੇ ਯਹੋਵਾਹ ਵਾਂਗ ਕੰਮ ਕੀਤਾ। ਸਿਰਫ਼ ਯਹੋਵਾਹ ਹੀ ਰਚਨਾ ਕਰ ਸਕਦਾ ਹੈ। ਅਤੇ ਮੈਂ ਜਾਣਦਾ ਹਾਂ ਕਿ ਉਹ ਆਦਮੀ ਝੂਠਾ ਨਹੀਂ ਹੈ। ਸਿਰਫ਼ ਇੱਕ ਸਿਰਜਣਹਾਰ ਹੈ, ਅਤੇ ਉਹ ਯਹੋਵਾਹ ਹੈ। ਅਤੇ ਹੁਣ, ਉਨ੍ਹਾਂ ਸਾਰੀਆਂ ਚੀਜ਼ਾਂ ਵਿੱਚੋਂ ਜੋ ਮੈਂ ਵੇਖੀਆਂ ਹਨ, ਇਸ ਨੇ ਮੈਨੂੰ ਸੰਤੁਸ਼ਟ ਕਰ ਦਿੱਤਾ ਹੈ।

34 "ਮੈਂ ਚਾਹੁੰਦਾ ਹਾਂ ਕਿ ਤੁਸੀਂ ਹੁਣ ਜਾਣੋ ਕਿ ਮੇਰਾ ਦਿਲ ਪੂਰੀ ਤਰ੍ਹਾਂ ਸਮਰਪਿਤ ਹੋ ਗਿਆ ਹੈ, ਅਤੇ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਸਿਰਫ਼ ਇੱਕ ਨਬੀ ਨਹੀਂ ਹੈ। ਉਹ ਇੱਕ ਨਬੀ ਹੈ, ਪਰ ਉਹ ਇੱਕ ਨਬੀ ਤੋਂ ਵੱਧ ਹੈ। ਉਹ ਸਾਡੇ ਵਿੱਚ ਵੱਸਣ ਵਾਲੇ ਯਹੋਵਾਹ ਪਰਮੇਸ਼ੁਰ ਤੋਂ ਘੱਟ ਨਹੀਂ ਹੈ, ਕਿਉਂਕਿ ਉਸ ਨੇ ਰੋਟੀ ਦੀ ਰਚਨਾ ਕੀਤੀ, ਅਤੇ ਉਸ ਵਿੱਚ ਯਹੋਵਾਹ ਦੀਆਂ ਆਦਤਾਂ ਹਨ। ਕੋਈ ਹੈਰਾਨੀ ਨਹੀਂ ਕਿ ਉਹ ਕਹਿ ਸਕਦਾ ਹੈ, 'ਜੇਕਰ ਮੈਂ ਆਪਣੇ ਪਿਤਾ ਦੇ ਕੰਮ ਨਹੀਂ ਕਰਦਾ, ਤਾਂ ਮੇਰੇ ਤੇ ਵਿਸ਼ਵਾਸ ਨਾ ਕਰੋ; ਪਰ ਜੇ ਮੈਂ ਆਪਣੇ ਪਿਤਾ ਦੇ ਕੰਮ ਕਰਦਾ ਹਾਂ, ਅਤੇ ਤੁਸੀਂ ਮੇਰੇ ਤੇ ਵਿਸ਼ਵਾਸ ਨਹੀਂ ਕਰ ਸਕਦੇ, ਤਾਂ ਕੰਮਾਂ ਤੇ ਵਿਸ਼ਵਾਸ ਕਰੋ, ਕਿਉਂਕਿ ਉਹ ਮੇਰੇ ਬਾਰੇ ਗਵਾਹੀ ਦਿੰਦੇ ਹਨ ਅਤੇ ਦੱਸਦੇ ਹਨ ਕਿ ਮੈਂ ਕੌਣ ਹਾਂ।' ਇੰਝ ਜਾਪਦਾ ਸੀ ਕਿ ਲੋਕ ਇਸ ਨੂੰ ਆਸਾਨੀ ਨਾਲ ਦੇਖ ਸਕਦੇ ਸਨ।"

35 ਅਤੇ ਯੂਹੰਨਾ ਨੂੰ ਤਸੱਲੀ ਹੋ ਗਈ ਸੀ ਕਿ ਉਹ ਮਸੀਹਾ ਸੀ, ਜਿਸ ਬਾਰੇ ਯਸਾਯਾਹ ਨੇ ਕਿਹਾ ਸੀ, "ਸਾਡੇ ਲਈ ਇੱਕ ਪੁੱਤਰ ਦਾ ਜਨਮ ਹੋਇਆ ਹੈ, ਅਤੇ ਉਸਦਾ ਨਾਮ ਅਚਰਜ ਸਲਾਹੂ, ਸ਼ਾਂਤੀ ਦਾ ਰਾਜਕੁਮਾਰ, ਸ਼ਕਤੀਮਾਨ ਪਰਮੇਸ਼ੁਰ, ਸਦੀਪਕ ਪਿਤਾ ਕਿਹਾ ਜਾਵੇਗਾ।" ਅਤੇ ਯੂਹੰਨਾ ਉਸ ਤੋਂ ਸੰਤੁਸ਼ਟ ਸੀ ਜੋ ਉਸਨੇ ਜੋ ਵੇਖਿਆ ਸੀ। ਨੌਜਵਾਨ ਸਾਥੀ ਆਪਣੀ ਗਵਾਹੀ ਦੇ ਰਿਹਾ ਸੀ।

36 ਲਗਭਗ ਉਸ ਸਮੇਂ, ਸ਼ਮਊਨ ਪਤਰਸ ਨੇ ਕਿਹਾ, "ਅੱਛਾ, ਹੁਣ, ਬੱਸ ਇੱਕ ਮਿੰਟ। ਜੇਕਰ ਅਸੀਂ ਗਵਾਹੀ ਦੀ ਸਭਾ ਕਰਨ ਜਾ ਰਹੇ ਹਾਂ, ਤਾਂ ਮੈਂ ਕੁਝ ਕਹਿਣਾ ਚਾਹਾਂਗਾ। ਤੁਸੀਂ ਜਾਣਦੇ ਹੋ, ਮੈਂ ਇਸ ਸਾਰੀ ਚੀਜ਼ ਬਾਰੇ ਬਹੁਤ ਸ਼ੱਕੀ ਸੀ, ਜਦੋਂ ਮੇਰਾ ਭਰਾ ਅੰਦ੍ਰਿਯਾਸ, ਜੋ ਯੂਹੰਨਾ ਨਬੀ ਦੀ ਬੇਦਾਰੀ ਵਿੱਚ ਸ਼ਾਮਲ ਹੋਇਆ ਸੀ, ਜਿਸਨੇ ਗਵਾਹੀ ਦਿੱਤੀ ਸੀ ਕਿ ਮਸੀਹਾ ਆ ਰਿਹਾ ਹੈ ਅਤੇ ਉਹ ਉਸਦੀ ਪਛਾਣ ਕਰਵਾਏਗਾ। ਅਤੇ ਮੈਂ ਉਸ ਬਾਰੇ ਥੋੜਾ ਸ਼ੱਕ ਵਿੱਚ ਸੀ ਜੋ ਅੰਦ੍ਰਿਯਾਸ ਮੈਨੂੰ ਦੱਸ ਰਿਹਾ ਸੀ, ਕਿਉਂਕਿ ਮੈਂ ਹਰ ਤਰ੍ਹਾਂ ਦੀਆਂ ਮਸੀਹੀ ਕਹਾਣੀਆਂ ਅਤੇ ਹੋਰ ਸਭ ਕੁਝ ਸੁਣਿਆ ਹੈ।

37 "ਪਰ ਤੁਸੀਂ ਸਾਰੇ ਭਰਾਵੋ ਮੇਰੇ ਬਜੁਰਗ ਪਿਤਾ ਨੂੰ ਯਾਦ ਕਰੋ। ਉਸਦਾ ਨਾਮ ਯੋਨਾਹ ਸੀ। ਅਤੇ ਤੁਸੀਂ ਉਸਨੂੰ ਯਾਦ ਕਰੋ, ਕਿ ਉਹ ਇੱਕ ਬਹੁਤ ਹੀ ਪੱਕਾ ਵਿਸ਼ਵਾਸੀ ਸੀ। ਮੈਂ ਮਾਂ ਅਤੇ ਪਿਤਾ ਨੂੰ ਕਿਵੇਂ ਯਾਦ ਕਰ ਸਕਦਾ ਹਾਂ, ਅਤੇ ਸਾਨੂੰ ਸਾਰਿਆਂ ਨੂੰ, ਜੱਦ ਅਸੀਂ ਗੁਜਾਰੇ ਲਈ ਮੱਛੀਆਂ ਫੜ ਰਹੇ ਸੀ, ਅਤੇ ਅਸੀਂ ਕੋਈ ਮੱਛੀ ਨਹੀਂ ਫੜੀ; ਸਾਨੂੰ ਰੋਟੀ ਦੀ ਲੋੜ ਸੀ, ਅਤੇ ਅਸੀਂ ਕਿਵੇਂ ਫਰਸ਼ ਤੇ ਹੇਠਾਂ ਬੈਠ ਜਾਂਦੇ ਸੀ ਅਤੇ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰਦੇ ਸੀ, 'ਅੱਜ ਸਾਨੂੰ ਇੱਕ ਸ਼ਿਕਾਰ ਦਿਓ, ਪਰਮੇਸ਼ੁਰ, ਤਾਂ ਜੋ ਅਸੀਂ ਆਪਣੀ ਮੱਛੀ ਵੇਚ ਸਕੀਏ, ਅਤੇ ਆਪਣਾ ਕਰਜ਼ਾ ਭਰ ਸਕੀਏ, ਤਾਂ ਜੋ ਖਾਣ ਲਈ ਭੋਜਨ ਹੋਵੇ।' ਅਤੇ ਅਸੀਂ ਕਿਵੇਂ ਸਮੁੰਦਰ ਵਿੱਚ ਜਾਂਦੇ ਹੁੰਦੇ ਸੀ, ਤੂਫਾਨ ਵਿੱਚ, ਅਤੇ ਉਨ੍ਹਾਂ ਤੂਫਾਨਾਂ ਦਾ ਸਾਹਮਣਾ ਕਰਨ ਦੀ—ਦੀ ਹਿੰਮਤ ਰੱਖਦੇ ਸੀ।

38 "ਅਤੇ ਪਿਤਾ ਜੀ, ਮੈਂ ਉਸਦੇ ਸਲੇਟੀ ਵਾਲਾਂ ਨੂੰ ਉਸਦੀ ਪਿੱਠ ਹੇਠਾਂ ਲਟਕਦੇ ਦੇਖ ਸਕਦਾ ਸੀ, ਇਕ ਦਿਨ ਜਦੋਂ ਉਹ ਕਿਸ਼ਤੀ ਦੀ ਨੋਕ ਉੱਥੇ ਬੈਠਾ ਸੀ ਅਤੇ ਮੇਰੇ ਨਾਲ ਗੱਲ ਕਰਦਾ ਸੀ, ਕਹਿ ਰਿਹਾ ਸੀ, 'ਸ਼ਮਊਨ, ਤੂੰ ਮੇਰਾ ਸਭ ਤੋਂ ਵੱਡਾ ਪੁੱਤਰ ਹੈਂ। ਤੂੰ ਜਾਣਦਾ ਹੈਂ, ਮੈਂ ਹਮੇਸ਼ਾ ਵਿਸ਼ਵਾਸ ਕੀਤਾ ਹੈ, ਸ਼ਮਊਨ, ਕਿ ਮੈਂ ਮਸੀਹਾ ਨੂੰ ਦੇਖਾਂਗਾ। ਸਾਡੇ ਲੋਕ ਅਦਨ ਤੋਂ ਉਸ ਨੂੰ ਲੱਭ ਰਹੇ ਹਨ। ਅਤੇ ਸਾਨੂੰ ਯਕੀਨ ਹੈ ਕਿ ਉਹ ਆ ਰਿਹਾ ਹੈ, ਭਾਵੇਂ ਕਿੰਨਾ ਵੀ ਚਿਰ ਹੋ ਗਿਆ ਹੋਵੇ। ਤੁਸੀਂ ਕਹੋਗੇ, ਇਹ ਚਾਰ ਹਜ਼ਾਰ ਸਾਲ ਪਹਿਲਾਂ ਦੀ ਗੱਲ ਹੈ। ਪਰ ਮੈਨੂੰ ਵਿਸ਼ਵਾਸ ਹੈ ਕਿ ਮਸੀਹਾ ਆਵੇਗਾ। ਅਤੇ ਹਰ ਯਹੂਦੀ ਨੇ ਵਿਸ਼ਵਾਸ ਕੀਤਾ ਹੈ

ਕਿ ਉਹ ਆਪਣੀ ਪੀੜ੍ਹੀ ਵਿੱਚ ਮਸੀਹਾ ਨੂੰ ਦੇਖੇਗਾ। ਮੈਂ ਉਸਨੂੰ ਆਪਣੀ ਪੀੜ੍ਹੀ ਵਿੱਚ ਦੇਖਣ ਦੀ ਉਮੀਦ ਕਰਦਾ ਹਾਂ। ਪਰ ਅਜਿਹਾ ਲਗਦਾ ਹੈ, ਮੈਂ ਹੁਣ ਬੁੱਢਾ ਹੋ ਰਿਹਾ ਹਾਂ, ਮੈਨੂੰ ਸਮੁੰਦਰ ਤੇ ਜਾਣਾ ਬੰਦ ਕਰਨਾ ਪਏਗਾ, ਅਤੇ ਮੈਨੂੰ ਦਰਦਾਂ ਅਤੇ ਪੀੜ੍ਹਾਂ ਹੋਣ ਲੱਗ ਪਈਆਂ ਹਨ, ਮੈਂ ਸ਼ਾਇਦ ਉਸਨੂੰ ਆਪਣੇ ਸਮੇਂ ਵਿੱਚ ਨਹੀਂ ਦੇਖਾਂਗਾ। ਪਰ ਹੋ ਸਕਦਾ ਹੈ ਤੂੰ ਵੇਖੇਂ, ਮੇਰੇ ਪੁੱਤਰ।

39 "'ਅਤੇ ਮੈਂ ਤੈਨੂੰ ਲਿਖਤਾਂ ਵਿੱਚ ਸਿਖਲਾਈ ਦੇਣਾ ਚਾਹੁੰਦਾ ਹਾਂ। ਪੁੱਤਰ, ਮਸੀਹਾ ਦੇ ਦ੍ਰਿਸ਼ ਤੇ ਆਉਣ ਤੋਂ ਪਹਿਲਾਂ, ਹਰ ਤਰ੍ਹਾਂ ਦੀਆਂ ਗੱਲਾਂ ਹੋਣਗੀਆਂ, ਹਰ ਕਿਸਮ ਦੀਆਂ ਝੂਠੀਆਂ ਗੱਲਾਂ, ਕਿਉਂਕਿ ਸ਼ੈਤਾਨ ਅਜਿਹਾ ਕਰੇਗਾ, ਤਾਂ ਜੋ ਜੱਦ ਅਸਲ ਮਸੀਹਾ ਆਵੇ ਤਾਂ ਉਸ ਦੇ ਪ੍ਰਭਾਵ ਨੂੰ ਨਸ਼ਟ ਕਰੇ।'" ਇਹ ਹਮੇਸ਼ਾ ਇਸ ਤਰ੍ਹਾਂ ਰਿਹਾ ਹੈ; ਅਜੇ ਵੀ ਅਜਿਹਾ ਹੀ ਹੈ।

40 ਅਤੇ ਫਿਰ ਸਾਨੂੰ ਪਤਾ ਲੱਗਾ, ਉਸਨੇ ਕਿਹਾ, "ਮੈਨੂੰ ਯਾਦ ਹੈ ਉਸਨੇ ਮੇਰੇ ਦੁਆਲੇ ਆਪਣੀ ਬਾਂਹ ਰੱਖੀ, ਕਿਹਾ, 'ਪੁੱਤਰ, ਸਿਰਫ਼ ਇੱਕ ਹੀ ਤਰੀਕਾ ਹੈ ਜਿਸ ਨਾਲ ਤੁਸੀਂ ਉਸ ਮਸੀਹਾ ਨੂੰ ਪਛਾਣ ਸਕੋਗੇ। ਹੁਣ ਸੈਂਕੜੇ ਸਾਲਾਂ ਤੋਂ ਸਾਡੇ ਕੋਲ ਕੋਈ ਨਬੀ ਨਹੀਂ ਹੈ। ਮਲਾਕੀ ਸਾਡਾ ਆਖ਼ਰੀ ਨਬੀ ਸੀ। ਇਹ ਚਾਰ ਸੌ ਸਾਲ ਪਹਿਲਾਂ ਦੀ ਗੱਲ ਹੈ, ਤਦ ਤੋਂ ਸਾਡੇ ਕੋਲ ਕੋਈ ਨਬੀ ਨਹੀਂ ਸੀ। ਪਰ ਯਾਦ ਰੱਖੋ, ਮੂਸਾ ਨੇ ਸਾਨੂੰ ਦੱਸਿਆ ਸੀ, ਲਿਖਤਾਂ ਵਿੱਚ, ਕਿ, ਜਦੋਂ ਮਸੀਹ ਆਵੇਗਾ, ਉਹ ਇੱਕ ਨਬੀ ਹੋਵੇਗਾ, ਜਦੋਂ ਉਹ ਦ੍ਰਿਸ਼ ਤੇ ਆਵੇਗਾ। ਸਾਨੂੰ ਯਹੂਦੀਆਂ ਨੂੰ ਨਬੀ ਉੱਤੇ ਵਿਸ਼ਵਾਸ ਕਰਨਾ ਸਿਖਾਇਆ ਜਾਂਦਾ ਹੈ। ਅਤੇ ਧਰਤੀ ਉੱਤੇ ਮਸੀਹਾ ਦੀ ਯਾਤਰਾ ਪਰਮੇਸ਼ੁਰ ਦਾ ਬੋਲਿਆ ਹੋਇਆ ਵਚਨ ਹੈ, ਜਿਸਦਾ ਉਸਨੇ ਸਾਡੇ ਨਾਲ ਵਾਅਦਾ ਕੀਤਾ ਹੈ। ਅਤੇ ਵਚਨ ਹਮੇਸ਼ਾ ਇੱਕ ਨਬੀ ਕੋਲ ਆਉਂਦਾ ਹੈ, ਅਤੇ ਨਬੀ ਉਸ ਵਚਨ ਨੂੰ ਸਾਬਤ ਕਰਦਾ ਹੈ। ਤੂੰ ਇਸ ਨੂੰ ਕਦੇ ਨਾ ਭੁੱਲੀਂ, ਪੁੱਤਰ! ਇੱਥੇ ਮਹਾਨ ਚੀਜ਼ਾਂ ਖੜ੍ਹੀਆਂ ਹੋ ਸਕਦੀਆਂ ਹਨ, ਮਹਾਨ ਉਤਸ਼ਾਹ ਹੋ ਸਕਦਾ ਹੈ ਅਤੇ—ਅਤੇ ਮਹਾਨ ਚੀਜ਼ਾਂ। ਪਰ ਯਾਦ ਰੱਖੀਂ, ਮਸੀਹਾ ਇੱਕ ਨਬੀ ਹੋਵੇਗਾ, ਕਿਉਂਕਿ ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਕਦੇ ਵੀ ਆਪਣਾ ਤਰੀਕਾ ਨਹੀਂ ਬਦਲਦਾ, ਅਤੇ ਉਸਨੇ ਕਿਹਾ ਸੀ ਕਿ ਮਸੀਹਾ ਇੱਕ ਨਬੀ ਹੋਵੇਗਾ। ਇਸ ਲਈ ਯਾਦ ਰੱਖੀਂ, ਪੁੱਤਰ, ਨਬੀ ਉਹ ਹਨ ਜਿਨ੍ਹਾਂ ਕੋਲ ਪ੍ਰਭੂ ਦਾ ਵਚਨ ਹੁੰਦਾ ਹੈ। ਅਤੇ ਜਦੋਂ ਮਸੀਹਾ ਆਵੇਗਾ, ਉਹ ਇੱਕ ਨਬੀ ਹੋਵੇਗਾ।'

41 "ਮੈਂ ਅਜੇ ਵੀ ਉਸਦੀ ਬਾਂਹ ਮਹਿਸੂਸ ਕਰ ਸਕਦਾ ਹਾਂ," ਸ਼ਮਊਨ ਨੇ ਕਿਹਾ, "ਜੱਦ ਉਸਨੇ ਇਹ ਮੇਰੇ ਆਲੇ ਦੁਆਲੇ ਪਾਈ ਸੀ। ਅਤੇ ਅੰਦ੍ਰਿਯਾਸ ਉਸ ਸਮੇਂ ਉੱਥੇ ਖੜ੍ਹਾ, ਜਾਲ ਧੋ ਰਿਹਾ ਸੀ। ਤੈਨੂੰ ਇਹ ਯਾਦ ਹੈ, ਅੰਦ੍ਰਿਯਾਸ?"

"ਹਾਂ, ਸ਼ਮਊਨ, ਮੈਨੂੰ—ਮੈਨੂੰ ਇਹ ਯਾਦ ਹੈ।"

42 “ਅਤੇ ਅੰਦ੍ਰਿਯਾਸ ਮੈਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਯੂਹੰਨਾ ਇੱਕ ਨਬੀ ਸੀ। ਮੇਰੇ ਕੋਲ ਕਰਨ ਲਈ ਹੋਰ ਕੰਮ ਸਨ, ਮੱਛੀਆਂ ਅਤੇ ਚੀਜ਼ਾਂ ਵੇਚਣੀਆਂ ਸਨ। ਪਿਤਾ ਨੂੰ ਮਰੇ ਹੋਏ ਕਈ ਸਾਲ ਹੋ ਗਏ ਹਨ, ਪਰ ਮੈਂ ਹਮੇਸ਼ਾ ਇਸ ਗੱਲ ਨੂੰ ਧਿਆਨ ਵਿਚ ਰੱਖਿਆ ਹੈ; ਪਿਤਾ ਨੇ ਕਿਹਾ ਸੀ, ‘ਇਹ ਮਸੀਹਾ ਲਿਖਤਾਂ ਰਾਹੀਂ ਪ੍ਰਮਾਣਿਤ ਨਬੀ ਹੋਵੇਗਾ, ਅਤੇ ਇਸਨੂੰ ਨਾ ਭੁੱਲੀਂ, ਕਿਉਂਕਿ ਇਹ ਪਰਮੇਸ਼ੁਰ ਦਾ ਬੋਲਿਆ ਹੋਇਆ ਵਚਨ ਹੈ। ਅਤੇ ਇਹ ਵਚਨ ਹਮੇਸ਼ਾ ਨਬੀਆਂ ਕੋਲ ਆਇਆ ਹੈ; ਜਿਨ੍ਹਾਂ ਨੇ ਇਸ ਦੀ ਪਛਾਣ ਕੀਤੀ, ਜਾਂ ਉਸ ਨੂੰ ਪ੍ਰਗਟ ਕੀਤਾ ਜੋ ਉਸ ਯੁੱਗ ਲਈ ਵਾਅਦਾ ਕੀਤਾ ਗਿਆ ਸੀ।’”

43 ਅਤੇ ਹੁਣ ਸ਼ਮਊਨ, “ਇੱਕ ਦਿਨ,” ਕਿਹਾ, ਉਸਨੇ ਕਿਹਾ, “ਤੁਸੀਂ ਜਾਣਦੇ ਹੋ, ਅੰਦ੍ਰਿਯਾਸ ਨੇ ਮੈਨੂੰ ਇੱਕ ਸਭਾ ਵਿੱਚ ਜਾਣ ਲਈ ਕਿਹਾ। ਅਤੇ ਮੈਂ ਉੱਥੇ ਉਸ ਸਭਾ ਵਿੱਚ ਗਿਆ ਜਿੱਥੇ ਇਹ ਬੰਦਾ, ਯਿਸੂ ਸੀ। ਅਤੇ ਮੈਂ ਹਰ ਤਰ੍ਹਾਂ ਦੀਆਂ ਅਫਵਾਹਾਂ ਸੁਣੀਆਂ ਸਨ। ਉੱਥੇ ਇੱਕ ਯਿਸੂ ਖੜਾ ਸੀ, ਉਸਤੋਂ ਪਹਿਲਾਂ, ਜਿਸ ਕਿਸੇ ਨੇ ਮਹਾਨ ਚੀਜ਼ ਦਾ ਵਾਅਦਾ ਕੀਤਾ ਸੀ, ਚਾਰ ਸੌ ਲੋਕਾਂ ਦੀ ਅਗਵਾਈ ਕੀਤੀ ਅਤੇ ਉਹ ਸਾਰੇ ਨਾਸ਼ ਹੋ ਗਏ, ਅਤੇ ਆਦਿ ਆਦਿ। ਮੈਂ ਸੋਚਿਆ ਕਿ ਇਹ ਉਨ੍ਹਾਂ ਦੀ ਕਿਸਮ ਵਿੱਚੋਂ ਹੀ ਇੱਕ ਹੈ, ਕੁਝ ਕੁ ਬੇਦਾਰੀ ਦੇ ਕਿਸੇ ਕਿਸਮ ਦੇ ਵੱਡੇ ਉਤਸ਼ਾਹ ਨਾਲ, ਜਾਂ ਉਹ ਕੁਝ ਮਹਾਨ ਸੰਪ੍ਰਦਾਵਾਂ ਬਣਾਉਣ ਜਾ ਰਹੇ ਸਨ। ਪਰ ਇੱਕ ਦਿਨ ਮੈਂ ਸੋਚਿਆ ਕਿ ਮੈਂ ਆਪਣੇ ਭਰਾ, ਅੰਦ੍ਰਿਯਾਸ ਨਾਲ ਜਾਵਾਂਗਾ।”

44 ਅਤੇ ਮੈਂ ਕਲਪਨਾ ਕਰ ਸਕਦਾ ਹਾਂ, ਲੱਗਭਗ ਉਸ ਸਮੇਂ, ਕਿਸ਼ਤੀ ਹਿੱਲਣੀ ਸ਼ੁਰੂ ਹੋ ਜਾਂਦੀ ਹੈ। ਕੋਈ ਰੌਲਾ ਪਾਉਣ ਲੱਗਦਾ ਹੈ, ਅਤੇ ਉਸਨੇ ਕਿਹਾ, “ਬੈਠ ਜਾਓ! ਕਿਸ਼ਤੀ ਨੂੰ ਨਾ ਹਿਲਾਓ। ਇੱਕ ਮਿੰਟ ਰੁਕੋ। ਚੁੱਪ ਬੈਠੋ।”

45 ਅਤੇ ਉਸਨੇ ਕਿਹਾ, “ਤੁਸੀਂ ਜਾਣਦੇ ਹੋ, ਜਦੋਂ ਮੈਂ ਉੱਥੇ ਗਿਆ ਸੀ ਅਤੇ ਪਹਿਲੀ ਵਾਰ, ਉਸਦੇ ਸਾਹਮਣੇ ਆਇਆ ਸੀ, ਉਸਨੇ ਮੈਨੂੰ ਸਿੱਧਾ ਅੱਖਾਂ ਵਿੱਚ ਦੇਖਿਆ ਅਤੇ ਮੈਨੂੰ ਦੱਸਿਆ ਕਿ ਮੇਰਾ ਨਾਮ ਕੀ ਹੈ। ਉਸਨੇ ਮੈਨੂੰ ਪਹਿਲਾਂ ਕਦੇ ਨਹੀਂ ਦੇਖਿਆ ਸੀ। ਉਹ ਨਾ ਸਿਰਫ਼ ਮੈਨੂੰ ਜਾਣਦਾ ਸੀ, ਪਰ ਉਹ ਮੇਰੇ ਉਸ ਧਰਮੀ ਬਜ਼ੁਰਗ ਪਿਤਾ ਨੂੰ ਵੀ ਜਾਣਦਾ ਸੀ, ਜਿਸ ਨੇ ਮੈਨੂੰ ਲਿਖਤਾਂ ਬਾਰੇ ਸਿੱਖਿਆ ਦਿੱਤੀ ਸੀ। ਅਤੇ ਮੈਂ ਜਾਣ ਗਿਆ ਕਿ ਉਹ ਮਸੀਹਾ ਸੀ। ਇਸਨੇ ਮੇਰੇ ਲਈ, ਉਥੇ ਹੀ, ਇਸ ਦਾ ਨਿਪਟਾਰਾ ਕਰ ਦਿੱਤਾ। ਉਹ ਸੀ। ਇਸ ਨੂੰ ਮੇਰੇ ਲਈ, ਸਹੀ ਬਣਾ ਦਿੱਤਾ।”

46 ਜਰੂਰ ਫਿਲਪੁਸ ਨੇ ਕਿਹਾ ਹੋਵੇਗਾ, “ਕੀ ਮੈਂ ਇੱਥੇ ਕੁਝ ਕਹਿ ਸਕਦਾ ਹਾਂ?” ਹੁਣ ਉਸਨੇ ਕਿਹਾ, “ਭਾਈ ਨਥਾਨੀਏਲ, ਇਸ ਨਾਲ ਤੈਨੂੰ ਠੇਸ ਨਾ ਪਹੁੰਚੇ;

ਕਿਉਂਕਿ, ਤੁਸੀਂ ਜਾਣਦੇ ਹੋ ਕਿ ਅਸੀਂ ਸਾਲਾਂ ਅਤੇ ਸਾਲਾਂ ਤੋਂ ਪੋਥੀਆਂ ਦਾ ਅਧਿਐਨ ਕੀਤਾ ਹੈ, ਕਿ ਮਸੀਹਾ ਕੀ ਹੋਵੇਗਾ। ਪਰ ਜਦੋਂ ਮੈਂ ਉਸਨੂੰ ਅਜਿਹਾ ਕਰਦੇ ਦੇਖਿਆ, ਤਾਂ ਮੈਂ ਆਪਣੇ ਦੋਸਤ, ਨਥਾਨੀਏਲ ਨੂੰ ਉੱਥੇ ਲੈ ਗਿਆ। ਅਤੇ ਜਦੋਂ ਉਹ ਆਉਂਦਾ ਸੀ…"

ਨਥਾਨੀਏਲ ਨੇ ਕਿਹਾ, "ਮੈਨੂੰ ਇਹ ਦੱਸਣ ਦਿਓ। ਮੈਨੂੰ ਇਹ ਦੱਸਣ ਦਿਓ।"

47 ਔਹ, ਤੁਸੀਂ ਜਾਣਦੇ ਹੋ, ਜਦੋਂ ਯਿਸੂ ਤੁਹਾਡੇ ਲਈ ਕੁਝ ਕਰਦਾ ਹੈ ਤਾਂ ਇਸ ਬਾਰੇ ਕੁਝ ਹੁੰਦਾ ਹੈ, ਤੁਸੀਂ—ਤੁਸੀਂ ਮੁਸ਼ਕਿਲ ਨਾਲ ਵੀ ਟਿਕ ਕੇ ਖਲੋ ਨਹੀਂ ਸਕਦੇ, ਤੁਹਾਨੂੰ ਇਸ ਨੂੰ ਦੱਸਣਾ ਪਏਗਾ, ਆਪ ਹੀ। ਕੀ ਇਹ ਸਹੀ ਨਹੀਂ ਹੈ? ਜੇ ਇਹ ਕੁਝ ਅਸਲੀ ਹੈ, ਤਾਂ ਤੁਹਾਨੂੰ ਇਹ ਦੱਸਣਾ ਪਵੇਗਾ। ਜਦੋਂ ਉਸਨੇ ਮੈਨੂੰ ਪਵਿੱਤਰ ਆਤਮਾ ਨਾਲ ਭਰ ਦਿੱਤਾ, ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਕੋਈ ਇਸ ਬਾਰੇ ਜਾਣੇ। ਕੋਈ ਹੋਰ ਇਸ ਬਾਰੇ ਨਾ ਦੱਸੇ; ਮੈਂ ਆਪ ਹੀ, ਇਸ ਨੂੰ ਦੱਸਾਂਗਾ।

48 ਅਤੇ ਮੈਂ ਬਸ ਕਲਪਨਾ ਕਰਦਾ ਹਾਂ, ਨਥਾਨੀਏਲ ਨੇ ਸਭ ਨੂੰ ਉਤਸ਼ਾਹਿਤ ਕਰ ਦਿੱਤਾ ਅਤੇ ਕਿਹਾ, "ਤੁਸੀਂ ਜਾਣਦੇ ਹੋ, ਮੈਂ ਇਹ ਦੱਸਣਾ ਚਾਹਾਂਗਾ। ਮੈਂ ਤੇਰੇ ਤੇ ਥੋੜਾ ਜਿਹਾ ਸ਼ੱਕ ਕਰਦਾ ਸੀ, ਫਿਲੀਪੁਸ, ਜਦੋਂ ਤੂੰ ਮੈਨੂੰ ਦੱਸਿਆ ਸੀ। ਮੈਂ ਤੈਨੂੰ ਪੁੱਛਿਆ, 'ਕੀ ਨਾਸਰਤ ਤੋਂ ਕੋਈ ਚੰਗੀ ਚੀਜ਼ ਨਿਕਲ ਸਕਦੀ ਹੈ?' ਅਤੇ ਤੂੰ ਮੈਨੂੰ ਸਭ ਤੋਂ ਵਧੀਆ ਜਵਾਬ ਦਿੱਤਾ ਜੋ ਕਦੇ ਕਿਸੇ ਵੀ ਆਦਮੀ ਕੋਲ ਸੀ, 'ਆ ਅਤੇ ਵੇਖ।'" ਇਹ ਅੱਜ ਚੰਗਾ ਕੰਮ ਕਰਦਾ ਹੈ। ਇਹ ਠੀਕ ਹੈ। ਘਰ ਰਹਿ ਕੇ ਆਲੋਚਨਾ ਨਾ ਕਰੋ। ਆਓ, ਆਪ ਹੀ ਵੇਖੋ, ਸਮਝੋ। "ਕਿਹਾ, 'ਕੀ ਨਾਸਰਤ ਤੋਂ ਕੋਈ ਚੰਗੀ ਚੀਜ਼ ਨਿਕਲ ਸਕਦੀ ਹੈ?' ਕਿਹਾ, 'ਆਓ ਅਤੇ ਆਪ ਹੀ ਵੇਖੋ।' ਅਤੇ ਤੁਸੀਂ ਜਾਣਦੇ ਹੋ ਕਿ ਤੁਸੀਂ ਮੈਨੂੰ ਕੀ ਦੱਸਿਆ ਸੀ।

49 "ਅਤੇ ਜਦੋਂ ਮੈਂ ਉਸਦੀ ਹਜ਼ੂਰੀ ਵਿੱਚ ਗਿਆ, ਅਤੇ ਉਸਨੇ ਮੈਨੂੰ ਦੱਸਿਆ ਕਿ ਮੈਂ 'ਇੱਕ—ਇੱਕ ਇਬਰਾਨੀ, ਇੱਕ ਇਜ਼ਰਾਈਲੀ, ਅਤੇ ਇੱਕ ਇਮਾਨਦਾਰ ਆਦਮੀ ਸੀ,' ਮੈਂ ਇਹ ਜਾਣਦਾ ਸੀ।

50 "ਪਰ ਮੈਂ ਹੈਰਾਨ ਸੀ, 'ਇਹ ਕਿਵੇਂ ਹੋ ਸਕਦਾ ਹੈ?' ਉਹ ਇੱਕ ਆਮ ਆਦਮੀ ਵਰਗਾ ਦਿੱਖਦਾ ਸੀ। ਮੈਂ ਮਸੀਹਾ ਨੂੰ ਸਵਰਗ ਤੋਂ ਇੱਕ ਸੁਨਹਿਰੀ ਗਲਿਆਰੇ ਰਾਹੀਂ ਹੇਠਾਂ ਆਉਣ ਦੀ ਉਮੀਦ ਕਰ ਰਿਹਾ ਸੀ, ਬਿਲਕੁਲ ਇੱਥੇ ਸੰਪਰਦਾ ਦੇ ਮੁਖੀ ਕੋਲ ਜੋ ਇੱਥੇ ਹੈ, ਯਰੂਸ਼ਲਮ ਵੱਲ, ਬਾਹਰ ਨਿਕਲੇਗਾ ਅਤੇ ਕਹੇਗਾ, 'ਕਯਾਫ਼ਾ, ਮੈਂ ਆ ਗਿਆ ਹਾਂ।' ਪਰ ਉਨ੍ਹਾਂ ਨੂੰ ਪਤਾ ਲੱਗਾ, ਉਹ ਨਾਸਰਤ ਵਿੱਚੋਂ ਆਇਆ ਸੀ, ਇੱਕ ਗਰੀਬ ਪਰਿਵਾਰ ਵਿੱਚੋਂ; ਅਤੇ ਅਸਲ

ਵਿੱਚ ਉਸਦੇ ਪਿੱਛੇ ਇੱਕ ਕਿਸਮ ਦਾ ਕਾਲਾ ਨਾਮ ਸੀ, ਜਿਵੇਂ 'ਇੱਕ ਨਾਜਾਇਜ਼ ਬੱਚਾ।' ਇੱਥੇ ਉਹ ਖੜ੍ਹਾ ਸੀ, ਸਾਧਾਰਨ ਕੱਪੜੇ ਪਹਿਨੇ, ਕਿਸੇ ਪਾਦਰੀ ਜਾਂ ਕਿਸੇ ਦੀ ਤਰ੍ਹਾਂ ਨਹੀਂ; ਸਿਰਫ਼ ਇੱਕ ਆਮ ਆਦਮੀ ਵਾਂਗ। ਅਤੇ ਮੈਂ ਸੋਚਿਆ, ਜਦੋਂ ਮੈਂ ਉੱਥੇ ਗਿਆ, 'ਉਹ ਮਸੀਹਾ ਕਿਵੇਂ ਹੋ ਸਕਦਾ ਹੈ? ਇੱਕ ਪੁਰਾਣਾ ਕਪੜਾ ਪਹਿਨਿਆ ਹੋਇਆ ਹੈ, ਉਸ ਨੇ ਇਸ ਨੂੰ ਉਦੋਂ ਤੋਂ ਪਹਿਨਿਆ ਹੋਇਆ ਹੈ ਜਦੋਂ ਉਹ ਇੱਕ ਜਵਾਨ ਬੰਦਾ ਸੀ, ਅਤੇ ਇੱਥੇ ਵੀ ਇਹੀ ਕੱਪੜਾ ਪਹਿਨਿਆ ਹੋਇਆ ਹੈ; ਅਤੇ ਉਸਦੇ ਵਾਲ ਉਸਦੀ ਪਿੱਠ ਪਿੱਛੇ ਲਟਕ ਰਹੇ ਸਨ। ਅਤੇ ਉਹ ਗਲੀ ਦੇ ਇੱਕ ਆਮ ਆਦਮੀ ਵਾਂਗ ਸੀ।'

51 "ਅਤੇ ਉਸਨੇ ਮੇਰੇ ਚਿਹਰੇ ਵੱਲ ਦੇਖਿਆ, ਅਤੇ ਕਿਹਾ, 'ਫਿਲਿਪੁਸ ਦੇ ਤੈਨੂੰ ਬੁਲਾਉਣ ਤੋਂ ਪਹਿਲਾਂ, ਜਦੋਂ ਤੂੰ ਰੁੱਖ ਦੇ ਹੇਠਾਂ ਸੀ, ਮੈਂ ਤੁਹਾਨੂੰ ਦੇਖਿਆ।' ਇਸ ਨੇ ਮੇਰੇ ਲਈ ਇਸ ਦਾ ਨਬੇੜਾ ਕਰ ਦਿੱਤਾ। ਮੈਂ ਜਾਣਦਾ ਸੀ, ਵਚਨ ਦੁਆਰਾ, ਕਿ ਉਹ ਮਸੀਹਾ ਸੀ। ਉਹ ਉਹੀ ਸੀ।"

52 ਅਤੇ ਬੇੜੀ ਜਰੂਰ ਹਿੱਲੀ ਹੋਵੇਗੀ, ਅਤੇ ਗਵਾਹੀਆਂ ਦੀ ਸਭਾ ਚੱਲ ਰਹੀ ਸੀ। ਓਹ, ਉਹ ਕਿੰਨਾ ਵਧੀਆ ਸਮਾਂ ਬਤੀਤ ਕਰ ਰਹੇ ਸਨ, ਝੀਲ ਦੇ ਉੱਤੇ, ਉਥੇ ਬਹੁਤ ਵਧੀਆ ਸਮਾਂ ਬਿਤਾ ਰਹੇ ਸਨ।

53 ਅੰਦ੍ਰਿਯਾਸ ਨੇ ਕਿਹਾ, "ਮੈਂ ਉਸ ਬਾਰੇ ਕੁਝ ਦੱਸਣਾ ਚਾਹਾਂਗਾ ਜਿਸ ਚੀਜ ਨੇ ਮੈਨੂੰ ਥੋੜ੍ਹੇ ਸਮੇਂ ਲਈ ਉਲਝਾ ਦਿੱਤਾ ਸੀ। ਤੁਹਾਨੂੰ ਯਾਦ ਹੈ ਜਦੋਂ ਅਸੀਂ—ਅਸੀਂ ਯਰੀਹੋ ਜਾ ਰਹੇ ਸੀ? ਉਸ ਨੇ ਕਿਹਾ, 'ਸਾਨੂੰ ਉੱਪਰ ਜਾਣਾ ਚਾਹੀਦਾ ਹੈ; ਮੈਂ ਸਾਮਰੀਆ ਵਿੱਚੋਂ ਦੀ ਜਾਣਾ ਹੈ।' ਇਸ ਲਈ, ਉਹ ਸਾਮਰਿਯਾ ਨੂੰ ਗਿਆ ਅਤੇ ਉੱਥੇ ਸੁਖਾਰ ਸ਼ਹਿਰ ਵਿੱਚ ਗਿਆ, ਜਦੋਂ ਉਸਨੇ ਸਾਨੂੰ ਸਾਰਿਆਂ ਨੂੰ ਸ਼ਹਿਰ ਵਿੱਚ ਭੋਜਨ ਖਰੀਦਣ ਲਈ ਭੇਜਿਆ।"

54 "ਓਹ, ਹਾਂ, ਮੈਨੂੰ ਯਾਦ ਹੈ, ਠੀਕ ਹੈ!" ਉਹ ਸਾਰੇ ਬੋਲੇ, "ਹਾਂ, ਹਾਂ!" ਬੇੜੀ ਬੱਸ ਥੋੜੀ ਜਿਹੀ ਹਿੱਲ ਰਹੀ ਸੀ, ਹਰ ਕੋਈ ਬੇਦਾਰੀ ਮੁੱਕਣ ਤੋਂ ਬਾਅਦ ਇੱਕ ਸ਼ਾਨਦਾਰ ਗਵਾਹੀ ਦੇ ਰਿਹਾ ਸੀ। ਇਸ ਲਈ ਉਹ ਇਹ ਗਵਾਹੀ ਸਭਾ ਕਰ ਰਹੇ ਸਨ।

55 ਅਤੇ ਉਸਨੇ ਕਿਹਾ, "ਹਾਂ, ਅਤੇ ਤੁਹਾਨੂੰ ਯਾਦ ਹੈ ਅਸੀਂ ਅਚਾਨਕ ਆ ਗਏ ਸੀ, ਅਤੇ, ਸਾਨੂੰ ਹੈਰਾਨੀ ਹੋਈ, ਅਸੀਂ ਆਪਣੇ ਗੁਰੂ ਨੂੰ ਇੱਕ ਚਿੰਨ੍ਹਿਤ ਵੇਸਵਾ ਨਾਲ ਗੱਲ ਕਰਦੇ ਦੇਖਿਆ। 'ਉਂ-ਹੂੰ,' ਅਸੀਂ ਸੋਚਿਆ, 'ਇਹ ਬੁਰੀ ਗੱਲ ਹੈ। ਉਸ ਨੂੰ ਇਸ ਮੁਟਿਆਰ ਨਾਲ ਗੱਲ ਕਰਦੇ ਹੋਏ ਦੇਖੋ। ਅਤੇ ਸਾਨੂੰ ਦੂਰ ਭੇਜ ਦਿੱਤਾ, ਅਤੇ ਉਹ ਇੱਥੇ ਇਸ ਬਦ-ਨਾਮ ਔਰਤ ਨਾਲ ਬੈਠਾ ਹੋਇਆ

ਹੈ।’ ਯਾਦ ਹੈ, ਅਸੀਂ ਝਾੜੀਆਂ ਦੇ ਬਿਲਕੁਲ ਪਿੱਛੇ ਖੜ੍ਹੇ ਸੀ, ਅਤੇ ਅਸੀਂ ਉਨ੍ਹਾਂ ਦੀ ਗੱਲਬਾਤ ਸੁਣ ਰਹੇ ਸੀ।

56 “ਅਤੇ ਅਸੀਂ ਉਸਨੂੰ ਇਹ ਕਹਿੰਦੇ ਸੁਣਿਆ, ‘ਬੀਬੀ, ਜਾ ਆਪਣੇ ਪਤੀ ਨੂੰ ਇੱਥੇ ਲੈ ਕੇ ਆ।’

57 “ਅਤੇ ਅਸੀਂ ਕਿਹਾ, ‘ਖੈਰ, ਲੱਗਦਾ ਹੈ ਸਾਨੂੰ ਗਲਤਫ਼ਹਿਮੀ ਹੋ ਗਈ ਹੈ, ਹੋ ਸਕਦਾ ਹੈ ਕਿ ਉਹ ਔਰਤ ਜਾਇਜ਼ ਤੌਰ ਤੇ ਵਿਆਹੀ ਹੋਈ ਹੋਵੇ।’

58 “ਅਤੇ ਉਸਨੇ ਉਸਦੇ ਚਿਹਰੇ ਵੱਲ ਮੁੜ ਕੇ ਵੇਖਿਆ, ਅਤੇ ਕਿਹਾ, ‘ਸ੍ਰੀ ਮਾਨ, ਮੇਰਾ ਕੋਈ ਪਤੀ ਨਹੀਂ ਹੈ।’

59 “ਤੁਹਾਨੂੰ ਯਾਦ ਹੈ ਕਿ ਸਾਡੇ ਦਿਲ ਕਿਵੇਂ ਟੁੱਟ ਗਏ ਸਨ? ‘ਸਾਡਾ ਮਹਾਨ ਮਸੀਹਾ ਜਿਸ ਉੱਤੇ ਸਾਨੂੰ ਭਰੋਸਾ ਸੀ, ਇੱਥੇ ਇੱਕ ਝੂਠ ਵਿੱਚ ਫਸ ਗਿਆ ਸੀ, ਇੱਕ ਆਹਮੋ ਸਾਹਮਣੀ ਮੁੱਠਭੇੜ ਵਿੱਚ, ਕਿਉਂਕਿ ਉਸਨੇ ਕਿਹਾ, “ਆਪਣੇ ਪਤੀ ਨੂੰ ਲੇ ਕੇ ਆ,” ਅਤੇ ਉਸਨੇ ਵਾਪਸ ਗਵਾਹੀ ਦਿੱਤੀ ਸੀ ਕਿ ਉਸਦਾ ਕੋਈ ਪਤੀ ਨਹੀਂ ਸੀ। ਹੁਣ ਇਹ ਉਸ ਦੇ ਲਈ ਉਲਟਾ ਪੈ ਗਿਆ ਸੀ।’ ਯਾਦ ਹੈ ਕਿ ਕਿਵੇਂ ਅਸੀਂ ਸਾਰੇ ਹੈਰਾਨ ਦਿੱਸ ਰਹੇ ਸੀ, ਅਤੇ ਸਾਹ ਸਾਡੇ ਵਿੱਚੋਂ ਨਿਕਲ ਗਏ ਸਨ?”

“ਹਾਂ, ਮੈਨੂੰ ਇਹ ਯਾਦ ਹੈ।”

60 “ਅਤੇ ਫਿਰ ਤੁਹਾਨੂੰ ਅਗਲੇ ਸ਼ਬਦ ਯਾਦ ਹਨ? ਉਸ ਨੇ ਕਿਹਾ, ‘ਤੂੰ ਸੱਚ ਕਿਹਾ ਹੈ, ਕਿਉਂਕਿ ਤੂੰ ਪੰਜ ਕਰ ਚੁੱਕੀ ਹੈਂ, ਅਤੇ ਜਿਸ ਨਾਲ ਤੂੰ ਹੁਣ ਰਹਿ ਰਹੀ ਹੈਂ ਉਹ ਵੀ ਤੇਰਾ ਨਹੀਂ ਹੈ।’ ਔਹ, ਤੁਹਾਨੂੰ ਝਾੜੀ ਦੇ ਪਿੱਛੇ ਗਵਾਹੀ ਦੀ ਸਭਾ ਯਾਦ ਹੈ? ਮੇਰੇ!” ਵੇਖੋ, ਤੁਸੀਂ ਉਸ ਨੂੰ ਘੇਰ ਨਹੀਂ ਸਕਦੇ। ਉਹ ਪਰਮੇਸ਼ੁਰ ਹੈ। “ਔਹ,” ਸ਼ਮਊਨ ਨੇ ਕਿਹਾ, “ਇਸ ਨੇ ਤਾਂ ਬਸ…” ਅੰਦ੍ਰਿਯਾਸ ਨੇ ਕਿਹਾ, “ਇਸ ਨੇ ਮੇਰੇ ਲਈ ਇਸ ਨੂੰ ਨਿਪਟਾ ਦਿੱਤਾ।”

61 ਬਰਥੁਲਮਈ ਨੇ ਕਿਹਾ, “ਰੁਕੋ, ਮੈਂ ਇੱਕ ਗਵਾਹੀ ਦੇਣਾ ਚਾਹੁੰਦਾ ਹਾਂ। ਕੀ ਮੈਂ ਇਹ ਕਰ ਸਕਦਾ ਹਾਂ, ਭਰਾਵੋ?”

62 “ਔਹ, ਅੱਛਾ, ਠੀਕ ਹੈ, ਮੈਨੂੰ ਲਗਦਾ ਹੈ ਕਿ ਤੁਸੀਂ ਕਰ ਸਕਦੇ ਹੋ, ਸਾਡੇ ਕੋਲ ਬਹੁਤ ਸਮਾਂ ਹੈ। ਉਹ ਅਜੇ ਤੱਕ ਨਹੀਂ ਆਇਆ ਹੈ, ਇਸ ਲਈ ਅਸੀਂ ਥੋੜੇ ਚੱਪੂ ਚਲਾਵਾਂਗੇ। ਅੱਗੇ ਵਧੋ, ਬਰਥੁਲਮਈ, ਤੁਸੀਂ ਗਵਾਹੀ ਦਿਓ।”

63 “ਖੈਰ, ਮੇਰੇ ਲਈ ਮਹਾਨ ਚੀਜਾਂ ਵਿੱਚੋਂ ਇੱਕ, ਤੁਹਾਨੂੰ ਯਰੀਹੋ ਵਿੱਚ ਸਾਡੀ ਭੈਣ ਯਾਦ ਹੈ, ਜਿਸਦਾ ਨਾਮ ਰਿਬਕਾਹ ਹੈ?”

“ਹਾਂ।”

"ਅਤੇ ਉਸਦਾ ਪਤੀ ਉੱਥੇ ਇੱਕ ਢਾਬਾ ਚਲਾਉਂਦਾ ਹੈ।"

"ਉਂ-ਹੂੰ।"

64 "ਅਤੇ—ਅਤੇ ਉਹ ਇੱਕ ਵਪਾਰੀ ਸੀ, ਅਤੇ ਉਸਦਾ ਨਾਮ ਜ਼ੱਕੀ ਸੀ।"

"ਹਾਂ, ਹਾਂ, ਮੈਨੂੰ ਉਹ ਚੰਗੀ ਤਰ੍ਹਾਂ ਯਾਦ ਹੈ।"

65 "ਤੁਹਾਨੂੰ ਯਾਦ ਹੈ, ਉਹ—ਉਹ ਸਾਡੀਆਂ ਭੈਣਾਂ ਵਿੱਚੋਂ ਇੱਕ ਸੀ। ਉਸਨੇ ਪ੍ਰਭੂ ਤੇ ਵਿਸ਼ਵਾਸ ਕੀਤਾ ਸੀ, ਅਤੇ ਉਹ ਇੰਨੀ ਡਰਦੀ ਸੀ ਕਿ ਜ਼ੱਕੀ ਯਿਸੂ ਨੂੰ ਸਵੀਕਾਰ ਕੀਤੇ ਬਿਨਾਂ ਚਲਾ ਜਾਵੇਗਾ। ਅਤੇ, ਔਹ, ਜ਼ੱਕੀ ਉੱਥੋਂ ਦੇ ਪਾਦਰੀ ਦਾ ਬਹੁਤ ਚੰਗਾ ਮਿੱਤਰ ਸੀ। ਅਤੇ ਇਸ ਲਈ ਉਹ ਪ੍ਰਾਰਥਨਾ ਕਰ ਰਹੀ ਸੀ ਕਿ ਕੁਝ ਅਜਿਹਾ ਹੋਵੇ ਕਿ ਉਸ ਦੀਆਂ ਅੱਖਾਂ ਖੁੱਲ੍ਹ ਜਾਣ, ਅਤੇ ਉਹ ਪਛਾਣ ਲਵੇ ਕਿ ਇਹ ਗੁਰੂ ਹੈ, ਇਹ ਪਰਮੇਸ਼ੁਰ ਦਾ ਪ੍ਰਮਾਣਿਤ ਵਚਨ ਹੈ, ਜੋ ਸਾਡੇ ਵਿਚਕਾਰ ਦੇਹਧਾਰੀ ਹੋਇਆ ਹੈ। ਅਤੇ ਅਸੀਂ ਉਸਨੂੰ ਦੱਸਣ ਦੀ ਕੋਸ਼ਿਸ਼ ਕੀਤੀ...ਉਸ ਨੂੰ ਦੱਸਿਆ ਕਿ ਕਿਵੇਂ ਨਾਸਰਤ ਦਾ ਯਿਸੂ ਦਿਲ ਦੇ ਭੇਤਾਂ ਨੂੰ ਜਾਣਦਾ ਸੀ, ਇਹ ਦਰਸਾਉਂਦਾ ਸੀ ਕਿ ਉਹ ਵਚਨ ਸੀ, ਕਿਉਂਕਿ ਵਚਨ ਦਿਲ ਦੇ ਵਿਚਾਰਾਂ ਨੂੰ ਜਾਂਚ ਲੈਂਦਾ ਹੈ।

66 "'ਬਕਵਾਸ,' ਉਸਨੇ ਕਿਹਾ, 'ਮੈਂ ਜਾਜਕ ਨੂੰ ਮੰਨਦਾ ਹਾਂ। ਜੋ ਜਾਜਕ ਕਹਿੰਦਾ ਹੈ ਉਹੀ ਮੇਰੇ ਲਈ ਬਥੇਰਾ ਹੈ।' ਕਿਉਂਕਿ ਉਹ ਸ਼ਹਿਰ ਦੇ ਸਾਰਿਆਂ ਹੁਕਮਰਾਨਾਂ ਨਾਲ ਸਬੰਧਤ ਸੀ, ਕੀਵਾਨੀ ਅਤੇ ਹੋਰ ਸਭ ਕੁਝ, ਤੁਸੀਂ ਜਾਣਦੇ ਹੋ, ਇਸ ਲਈ ਉਹ...ਇਸ ਨੂੰ ਛੱਡਣਾ ਉਸ ਲਈ ਮੁਸ਼ਕਲ ਜਿਹਾ ਕੰਮ ਸੀ। ਇਸ ਲਈ ਰਿਬਕਾਹ ਨੇ ਸਾਨੂੰ ਸਾਰਿਆਂ ਨੂੰ ਪ੍ਰਾਰਥਨਾ ਕਰਨ ਲਈ—ਲਈ ਕਿਹਾ ਸੀ। ਅਤੇ ਹਰ ਵਾਰ ਜਦੋਂ ਅਸੀਂ ਇਸ ਵਿਸ਼ੇ ਤੇ ਆਉਂਦੇ ਹਾਂ ਕਿ ਉਹ ਇੱਕ ਨਬੀ ਸੀ, ਉਹ ਕਹਿੰਦਾ ਸੀ, 'ਬਕਵਾਸ! ਜਾਜਕ ਕਹਿੰਦਾ ਹੈ, "ਉਹ ਬਾਅਲਜਬੂਬ ਹੈ। ਉਹ ਇੱਕ ਸ਼ੈਤਾਨ ਹੈ। ਉਹ ਸ਼ੈਤਾਨ ਦੀ ਸ਼ਕਤੀ ਦੁਆਰਾ ਅਜਿਹਾ ਕਰਦਾ ਹੈ। ਅਤੇ ਉਹ ਕੇਵਲ ਇੱਕ ਮਾਨਸਿਕ ਟੈਲੀਪੈਥਿਸਟ ਹੈ। ਇਹੀ ਸਭ ਕੁਝ ਇਸ ਵਿੱਚ ਹੈ। ਇਸ ਵਿੱਚ ਕੁਝ ਵੀ ਨਹੀਂ ਹੈ।" ਇਸ ਲਈ ਇਸ ਦਿਨ ਵਿੱਚ ਅਜਿਹਾ ਕੁਝ ਨਹੀਂ ਹੈ; ਸਾਡੇ ਕੋਲ ਸੈਂਕੜੇ ਸਾਲਾਂ ਤੋਂ ਨਬੀ ਨਹੀਂ ਹਨ। ਅਤੇ ਉਹ ਲੜਕਾ ਕਿਵੇਂ, ਜਿਸ ਕੋਲ ਇੱਕ ਫੈਲੋਸ਼ਿਪ ਕਾਰਡ ਵੀ ਨਹੀਂ ਹੈ, ਉਹ ਇੱਕ ਨਬੀ ਕਿਵੇਂ ਹੋ ਸਕਦਾ ਹੈ? ਔਹ, ਉਹ ਕਿਸੇ ਵੀ ਤਰ੍ਹਾਂ ਅਜਿਹੀ ਚੀਜ ਨਹੀਂ ਹੈ!'

67 "ਪਰ, ਤੁਸੀਂ ਜਾਣਦੇ ਹੋ, ਉਸਦੀ ਪਤਨੀ, ਰਿਬਕਾਹ ਡਟੀ ਰਹੀ, ਅਤੇ ਪ੍ਰਾਰਥਨਾ ਕਰਦੀ ਰਹੀ। ਅਤੇ ਇੱਕ ਸਵੇਰ ਜਦੋਂ ਯਿਸੂ ਸ਼ਹਿਰ ਵਿੱਚ ਆ ਰਿਹਾ ਸੀ, ਖੈਰ, ਫਿਰ ਸਾਨੂੰ ਪਤਾ ਲੱਗਾ ਕਿ, ਰਿਬਕਾਹ ਨੇ ਸਾਨੂੰ ਦੱਸਿਆ ਕਿ

ਜ਼ੱਕੀ ਬਾਹਰ ਗਲੀ ਵਿੱਚ ਗਿਆ ਸੀ, ਉਸਨੂੰ ਦੇਖਣ ਲਈ। ਇਸ ਲਈ ਉਹ ਵਿਸ਼ਵਾਸ ਨਹੀਂ ਕਰਦਾ ਸੀ ਕਿ ਉਹ ਇੱਕ ਨਬੀ ਸੀ, ਇਸ ਲਈ ਉਸਨੇ ਕਿਹਾ, 'ਮੈਂ ਉਸ ਨੂੰ ਚੰਗੀ ਤਰ੍ਹਾਂ ਦੇਖਾਂਗਾ,' ਉਸ ਦਿਨ ਜਦੋਂ ਅਸੀਂ ਖਾਣਾ ਖਾ ਰਹੇ ਸੀ ਤਾਂ ਉਸਨੇ ਸਾਡੇ ਲਈ ਢਾਬੇ ਵਿੱਚ ਕਿਵੇਂ ਗਵਾਹੀ ਦਿੱਤੀ ਸੀ। ਇਸ ਲਈ ਉਹ ਇੱਕ ਗੁੱਲਰ ਦੇ ਰੁੱਖ ਉੱਤੇ ਚੜ੍ਹ ਗਿਆ, ਅਤੇ ਕਿਹਾ, 'ਤੁਸੀਂ ਜਾਣਦੇ ਹੋ, ਮੈਂ ਇੱਥੇ ਆਪਣਾ ਭੇਸ ਬਦਲਾਂਗਾ ਤਾਂ ਜੋ ਉਹ ਮੈਨੂੰ ਦੇਖ ਨਾ ਸਕੇ। ਮੈਂ ਇੱਕ ਬੋਣਾ ਆਦਮੀ ਹਾਂ, ਜੋ ਵੀ ਹੋਵੇ, ਬਹੁਤ ਛੋਟਾ ਹਾਂ। ਅਤੇ ਮੈਂ ਉਸ ਨੂੰ ਉੱਥੇ ਹੇਠਾਂ ਤੋਂ ਨਹੀਂ ਦੇਖ ਸਕਦਾ, ਭੀੜ ਵਿੱਚ, ਇਸ ਲਈ ਮੈਂ ਇੱਥੇ ਰੁੱਖ ਉੱਤੇ ਚੜ੍ਹ ਜਾਵਾਂਗਾ।' ਅਤੇ ਉਹ ਉੱਥੇ ਚੜ੍ਹ ਗਿਆ ਜਿੱਥੇ ਦੋ—ਦੋ ਟਾਹਣੀਆਂ ਮਿਲਦੀਆਂ ਹਨ, ਅਤੇ ਉੱਥੇ ਹੀ ਉਹ ਬੈਠ ਗਿਆ, ਉਹਨਾਂ ਟਾਹਣੀਆਂ ਦੇ ਉੱਤੇ।"

68 ਬੈਠਣ ਲਈ ਅਤੇ ਇਸਦਾ ਅਧਿਐਨ ਕਰਨ ਲਈ ਇਹ ਇੱਕ ਚੰਗੀ ਜਗ੍ਹਾ ਸੀ। ਇੱਥੇ ਹੀ ਦੋ ਰਸਤੇ ਮਿਲਦੇ ਹਨ, ਤੁਹਾਡਾ ਅਤੇ ਪਰਮੇਸ਼ੁਰ ਦਾ; ਤੁਹਾਡੇ ਵਿਚਾਰ। ਇਹ ਇੱਕ ਚੰਗੀ ਗੱਲ ਹੈ, ਇਸ ਬਾਰੇ ਸੋਚਣਾ।

69 "ਤਾਂ ਉਸਨੇ ਕਿਹਾ, 'ਕੀ ਤੁਸੀਂ ਜਾਣਦੇ ਹੋ, ਉਹ ਜਰੂਰ ਇੱਕ ਨਬੀ ਹੋਵੇਗਾ। ਉਹ ਹੋ ਸਕਦਾ ਸੀ। ਇਹ ਸੰਭਵ ਹੈ ਕਿ ਮੈਂ ਗਲਤ ਹੋ ਸਕਦਾ ਹਾਂ। ਇਸ ਲਈ ਮੈਂ ਤੁਹਾਨੂੰ ਦੱਸਾਂਗਾ ਕਿ ਕੀ, ਮੈਂ ਉਸ ਨੂੰ ਚੰਗੀ ਤਰ੍ਹਾਂ ਦੇਖਾਂਗਾ; ਅਤੇ ਉਸ ਨੂੰ ਮੇਰਾ ਪਤਾ ਨਹੀਂ ਚੱਲੇਗਾ। ਇਸ ਲਈ ਮੈਂ ਸਾਰੇ ਪੱਤੇ ਖਿੱਚਾਂਗਾ ਅਤੇ ਉਹਨਾਂ ਨੂੰ ਇਸ ਤਰ੍ਹਾਂ, ਆਪਣੇ ਆਲੇ ਦੁਆਲੇ ਲਪੇਟਾਂਗਾ, ਅਤੇ ਮੈਂ ਆਪਣੇ ਆਪ ਨੂੰ ਲੁਕੋ ਲਵਾਂਗਾ ਤਾਂ ਜੋ ਉਹ ਮੈਨੂੰ ਬਿਲਕੁਲ ਵੀ ਨਾ ਦੇਖ ਸਕੇ। ਅਤੇ ਜਦੋਂ ਉਹ ਕੋਲ ਆਵੇਗਾ ਮੈਂ ਉਸਨੂੰ ਦੇਖਾਂਗਾ । ਅਤੇ ਜੇ ਉਹ ਸਹੀ ਕਿਸਮ ਦਾ ਵਿਅਕਤੀ ਨਹੀਂ ਲੱਗੇਗਾ, ਤਾਂ ਮੈਂ ਉਸ ਨੂੰ ਆਪਣੇ ਮਨ ਵਿੱਚੋਂ ਬਾਹਰ ਕੱਢ ਦਿਆਂਗਾ, ਇੱਥੇ ਇਸ ਰੁੱਖ ਵਿੱਚ ਬੈਠ ਕੇ।' ਇਸ ਲਈ ਉਸਨੇ ਦੇਖਿਆ, ਅਤੇ ਇੱਕ ਪੱਤਾ ਸੀ ਜਿਸ ਨੂੰ ਉਠਾ ਸਕੇ ਅਤੇ ਜਦੋਂ ਉਹ ਉਸ ਨੁੱਕਰ ਦੇ ਆਲੇ ਦੁਆਲੇ ਆਵੇ ਤਾਂ ਉਸਨੂੰ ਦੇਖ ਸਕੇ।

70 "ਅਤੇ ਜਦੋਂ ਉਹ ਨੁੱਕਰ ਦੇ ਕੋਲ ਆਇਆ, ਗਲੀ ਵਿੱਚ ਤੁਰਦਾ ਹੋਇਆ, ਤੁਸੀਂ ਜਾਣਦੇ ਹੋ, ਇੱਕ ਪਾਸੇ ਤੋਂ ਦੂਜੇ ਪਾਸੇ ਵੇਖਦੇ ਹੋਏ, ਅਤੇ ਚੇਲੇ ਆਖਦੇ ਹਨ, 'ਪਰ੍ਹਾਂ ਹੋ ਕੇ ਖਲੋਵੋ। ਮੈਨੂੰ ਮੁਆਫ ਕਰੋ।' ਅਤੇ ਲੋਕ ਬਿਮਾਰ ਬੱਚਿਆਂ ਅਤੇ ਅਜਿਹਿਆਂ ਚੀਜ਼ਾਂ ਦੇ ਨਾਲ ਸਨ। 'ਮੈਨੂੰ ਮਾਫ਼ ਕਰਨਾ, ਗੁਰੂ ਜੀ ਬਹੁਤ ਥਕੇ ਹੋਏ ਹਨ; ਪਿਛਲੀ ਰਾਤ ਦੀ ਉਸ ਮਹਾਨ ਸਭਾ ਕਰਕੇ।' ਅਤੇ, ਸੱਜਣ ਵਾਂਗ, 'ਕੀ ਤੁਸੀਂ ਕਿਰਪਾ ਕਰਕੇ ਇੱਕ ਪਾਸੇ ਖੜੇ ਹੋਵੋਗੇ ਅਤੇ ਉਸਨੂੰ ਲੰਘਣ ਦਿਓਗੇ, ਜੱਦ ਉਹ ਸ਼ਹਿਰ ਵੱਲ ਜਾਂ ਰਿਹਾ ਹੈ, ਅਤੇ ਕੀ ਤੁਸੀਂ ਕਿਰਪਾ ਕਰਕੇ

ਇਕ ਪਾਸੇ ਖੜ੍ਹੇ ਰਹੋਗੇ?' ਅਤੇ ਜ਼ੱਕੀ ਇੱਥੇ ਦਰਖਤ ਉੱਤੇ ਬੈਠਾ ਹੋਇਆ, ਉਸ ਵੱਲ ਦੇਖ ਰਿਹਾ ਸੀ।

71 "ਅਤੇ ਯਿਸੂ ਸਿੱਧਾ ਦਰਖਤ ਦੇ ਹੇਠਾਂ ਆਇਆ, ਰੁਕਿਆ, ਉੱਪਰ ਵੇਖਿਆ ਅਤੇ ਕਿਹਾ, 'ਜ਼ੱਕੀ, ਉੱਥੋਂ ਹੇਠਾਂ ਉੱਤਰ ਆ। ਮੈਂ ਅੱਜ ਰਾਤ ਦੇ ਖਾਣੇ ਲਈ, ਤੇਰੇ ਘਰ ਜਾ ਰਿਹਾ ਹਾਂ।' ਇਸ ਨੇ ਮੇਰੇ ਲਈ ਇਸ ਨੂੰ ਨਿਪਟਾ ਦਿੱਤਾ। ਉਹ ਜਾਣਦਾ ਸੀ ਕਿ ਉਹ ਉੱਥੇ ਸੀ, ਅਤੇ ਉਸਦਾ ਨਾਮ ਜਾਣਦਾ ਸੀ, ਉਹ ਕੀ ਸੀ। ਜਿਸ ਨੇ ਇਸ ਦਾ ਨਿਪਟਾਰਾ ਕਰ ਦਿੱਤਾ। ਇਹ ਮੇਰੇ ਲਈ, ਮਸੀਹਾ ਹੈ। ਹਾਂ, ਸ਼੍ਰੀਮਾਨ। ਕਿਉਂਕਿ, ਅਸੀਂ ਜਾਣਦੇ ਹਾਂ ਕਿ ਮਸੀਹਾ ਨੇ ਅਜਿਹਾ ਕਰਨਾ ਸੀ। ਯਕੀਨਨ। ਇਸ ਲਈ ਉਸਨੂੰ ਉਸਦੇ ਨਾਲ ਘਰ ਜਾਣਾ ਪਿਆ, ਕਿਹਾ, ਉਸ ਦਿਨ ਰਾਤ ਦੇ ਖਾਣੇ ਲਈ। ਉਹ ਕਿੰਨਾ ਵਧੀਆ ਸਮਾਂ ਸੀ! ਸਾਨੂੰ ਇਹ ਯਾਦ ਹੈ।"

72 ਤੁਸੀਂ ਜਾਣਦੇ ਹੋ, ਇਹ ਉਸ ਸਮੇਂ ਦੀ ਗੱਲ ਹੋਵੇਗੀ, ਗਵਾਹੀਆਂ ਦੀ ਸਭਾ ਚੱਲ ਰਹੀ ਸੀ। ਤੁਸੀਂ ਜਾਣਦੇ ਹੋ, ਇਹ ਚੇਲੇ ਝੀਲ ਦੇ ਉੱਤੇ, ਗਵਾਹੀ ਦੇ ਰਹੇ ਸਨ, ਇਹ ਕਿਸੇ ਜਗ੍ਹਾ ਰਾਤ ਦੇ ਹਨੇਰੇ ਵਿੱਚ ਹੋਇਆ ਹੋਵੇਗਾ, ਉੱਤਰੀ ਭੂਮੀ ਵਿੱਚ, ਕਿ ਸ਼ੈਤਾਨ ਪਹਾੜੀ ਉੱਤੇ ਚੜ੍ਹ ਗਿਆ ਅਤੇ ਹੇਠਾਂ ਦੇਖਿਆ ਹੋਵੇਗਾ। ਉਸਨੇ ਉਸ ਗਵਾਹੀਆਂ ਦੀ ਸਭਾ ਵਿੱਚ ਦੇਖਿਆ, ਅਤੇ ਉਸਨੂੰ ਪਤਾ ਲੱਗਾ ਕਿ ਉਹ ਉਸਦੇ ਬਿਨਾਂ ਚਲੇ ਗਏ ਸਨ। ਉੱਥੇ ਉਸ ਕੋਲ ਮੌਕਾ ਸੀ।

73 ਦੇਖੋ, ਮੈਂ ਸੋਚਦਾ ਹਾਂ ਕਿ ਉਹ ਦ੍ਰਿਸ਼ ਹੁਣ ਵਾਪਸ ਆ ਗਿਆ ਹੈ, ਆਪਣੇ ਆਪ ਨੂੰ ਦੁਹਰਾਇਆ ਹੈ। ਉਹ, ਬੇਦਾਰੀ ਦੇ ਉਤਸ਼ਾਹ ਵਿੱਚ, ਉਹ ਉਸ ਤੋਂ ਬਿਨਾਂ ਹੀ ਚਲੇ ਗਏ ਸਨ। ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਅੱਜ ਸਾਡੇ ਨਾਲ ਇਹੀ ਕੁਝ ਹੋਇਆ ਹੈ, ਕਿ, ਉਲਝਣ ਦੀ ਇਸ ਘੜੀ ਵਿੱਚ, ਅਤੇ ਇਸ ਮਹਾਨ ਬੇਦਾਰੀ ਤੋਂ ਬਾਅਦ ਜੋ ਅਸੀਂ ਵੇਖੀ ਹੈ। ਇਹ ਦੁਨੀਆ ਭਰ ਵਿੱਚ ਫੈਲ ਗਈ ਹੈ। ਹਰ ਦੇਸ਼ ਵਿੱਚ ਬੇਦਾਰੀ ਦੀਆਂ ਅੱਗਾਂ ਬਣਾਈਆਂ ਗਈਆਂ ਹਨ, ਅਤੇ ਬਲ ਰਹੀਆਂ ਹਨ; ਮਹਾਨ ਚੰਗਾਈ ਸਭਾਵਾਂ; ਲੋਕ ਪਵਿੱਤਰ ਆਤਮਾ ਪ੍ਰਾਪਤ ਕਰ ਰਹੇ ਹਨ, ਹਜ਼ਾਰਾਂ ਦੇ ਹਜ਼ਾਰ ਗੁਣਾਂ ਗਿਣਤੀ ਵਿੱਚ। ਅਤੇ ਇਸ ਦੇ ਜੋਸ਼ ਵਿੱਚ, ਉਹਨਾਂ ਚੇਲਿਆਂ ਵਾਂਗ ਜੋ ਉਸਦੀ ਗਵਾਹੀ ਦੇ ਰਹੇ ਸਨ ਜੋ ਉਸ ਨੇ ਕੀਤਾ ਸੀ, "ਅਤੇ, ਔਹ, ਅਸੀਂ ਉਸਨੂੰ *ਇਹ* ਕਰਦੇ ਦੇਖਿਆ, ਅਤੇ ਅਸੀਂ ਉਸਨੂੰ *ਉਹ* ਕਰਦੇ ਦੇਖਿਆ," ਮੇਰਾ ਮੰਨਣਾ ਹੈ ਕਿ ਅਸੀਂ ਉਨ੍ਹਾਂ ਵਾਂਗ, ਉਸ ਤੋਂ ਬਿਨ੍ਹਾਂ ਹੀ ਚਲੇ ਗਏ ਹਾਂ।

74 ਅਸੀਂ ਉਨ੍ਹਾਂ ਮਹਾਨ ਮੌਕਿਆਂ ਲਈ ਚਲੇ ਗਏ ਹਾਂ ਜੋ—ਜੋ ਬੇਦਾਰੀ ਨੇ ਪੇਸ਼ ਕੀਤੇ ਹਨ। ਅਸੀਂ ਬਹੁਤ ਸਾਰਾ ਪੈਸਾ ਕਮਾਉਣ, ਗਿਰਜੇ, ਵੱਡੀਆਂ ਇਮਾਰਤਾਂ

ਬਣਾਉਣ ਦੇ ਮੌਕਿਆਂ ਵੱਲ ਤੁਰ ਪਏ ਹਾਂ, ਮਹਾਨ ਲੱਖਾਂ-ਡਾਲਰ ਦੇ ਸਥਾਨਾਂ ਵੱਲ, ਮਹਾਨ ਸਕੂਲ, ਵਿਦਿਅਕ ਪ੍ਰਣਾਲੀਆਂ, ਅਤੇ ਆਪਣੀਆਂ ਸੰਪ੍ਰਦਾਵਾਂ ਨੂੰ ਵਧਾਉਂਦੇ ਹੋਏ। ਅਤੇ ਫਿਰ ਸਾਮਵਾਦੀ, ਸਾਮਵਾਦ ਵਿਰੋਧੀ ਪ੍ਰੋਗਰਾਮ ਕਰ ਰਹੇ ਹਾਂ, ਇਹ ਹੀ ਹੈ ਜਿਸ ਬਾਰੇ ਅਸੀਂ ਅੱਜ ਗੱਲ ਕਰ ਸਕਦੇ ਹਾਂ। ਅਤੇ ਪਹਿਲੀ ਗੱਲ ਜੋ ਤੁਸੀਂ ਜਾਣਦੇ ਹੋ, ਸ਼ੈਤਾਨ ਨੇ ਸਾਨੂੰ ਸਾਡੇ ਸਾਮਵਾਦ ਵਿਰੋਧੀ ਪ੍ਰੋਗਰਾਮਾਂ ਵਿੱਚ ਦੇਖਿਆ ਹੈ, ਸਾਡੇ ਵੱਡੇ ਸੰਪ੍ਰਦਾਇਕ, ਅਤੇ ਸਾਡੇ "ਦੱਸ ਲੱਖ ਹੋਰ," ਅਤੇ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਤੇ, ਜੋ ਉਹਨਾਂ ਕੋਲ ਹਨ।

75 ਅਤੇ ਅਸੀਂ ਪੁਰਾਣੇ ਸਮੇਂ ਦੀਆਂ ਪ੍ਰਾਰਥਨਾ ਸਭਾਵਾਂ ਅਤੇ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਵਾਪਸ ਆਉਣ ਤੋਂ ਬਿਨਾਂ ਚਲੇ ਗਏ ਹਾਂ, ਜਦੋਂ ਤੱਕ ਅੱਗ ਘੱਟ ਨਹੀਂ ਜਾਂਦੀ। ਤੁਸੀਂ ਪੁਕਾਰ ਸਕਦੇ ਹੋ, ਅਤੇ ਲੋਕਾਂ ਨੂੰ ਜਗਵੇਦੀ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰ ਸਕਦੇ ਹੋ, ਅਤੇ ਉਹ ਇਸ ਤਰ੍ਹਾਂ ਚੱਲਦੇ ਹਨ ਜਿਵੇਂ ਉਹ ਲਗਭਗ ਮਰ ਚੁੱਕੇ ਹੋਣ, ਆਉਣ ਤੋਂ ਡਰਦੇ ਹਨ। ਅਤੇ ਫਿਰ ਸੇਵਕਾਂ ਨੂੰ ਉਨ੍ਹਾਂ ਨਾਲ ਪ੍ਰਾਰਥਨਾ ਕਰਨ ਲਈ ਕਹਿੰਦੇ ਹਨ, "ਔਹ, ਉਸਨੇ ਮੈਨੂੰ ਕਿਉਂ ਕਿਹਾ?" ਅਤੇ ਉਹ ਉੱਥੇ ਹੇਠਾਂ ਆ ਜਾਂਦੇ ਹਨ, ਅਤੇ ਤੁਸੀਂ ਉਨ੍ਹਾਂ ਨੂੰ ਮੁਸ਼ਕਿਲ ਨਾਲ ਵੀ ਨਹੀਂ ਸਮਝ ਸਕਦੇ। ਅਤੇ ਉਹ ਉੱਥੇ ਕੁਝ ਮਿੰਟਾਂ ਲਈ ਖੜ੍ਹੇ ਰਹਿੰਦੇ ਹਨ, ਤੁਹਾਡੇ ਵੱਲ ਦੇਖਣਗੇ, ਅਤੇ ਵਾਪਸ ਜਾ ਕੇ ਆਪਣੀਆਂ ਸੀਟਾਂ ਤੇ ਬੈਠ ਜਾਣਗੇ। ਮੇਰੇ ਲਈ, ਅੱਗ ਬੁਝ ਗਈ ਹੈ! ਕੁਝ ਹੋ ਗਿਆ ਹੈ। ਸੁਣੋ! ਸਾਨੂੰ ਜਿਸ ਚੀਜ ਦੀ ਲੋੜ ਹੈ ਉਹ ਇੱਕ ਬੇਦਾਰੀ ਹੈ, ਕਿ ਪਾਪੀ, ਮਸੀਹ ਨੂੰ ਵੇਖਦੇ ਹੋਏ, ਤੋਬਾ ਕਰਨ, ਆਪਣੇ ਹੱਥਾਂ ਨੂੰ ਉੱਪਰ ਚੁੱਕ ਕੇ ਜਗਵੇਦੀ ਵੱਲ ਦੌੜਣ, ਦਯਾ ਲਈ ਪੁਕਾਰਦੇ ਹੋ, ਅਤੇ ਸਾਰੀ ਕਲੀਸਿਯਾ ਅੱਗ ਦੀ ਲਾਟ ਹੋਵੇ, ਪਰਮੇਸ਼ੁਰ ਦੀ ਮਹਿਮਾ ਨਾਲ।

76 ਸਾਡਾ ਉਤਸ਼ਾਹ ਸਾਡੀਆਂ ਸੰਪਰਦਾਵਾਂ ਨੂੰ ਵਧਾਉਣ ਦੇ ਮੌਕੇ ਲਈ ਹੈ, ਅਸੀਂ ਆਪਣੇ ਸੇਵਕਾਂ ਨੂੰ ਸਿੱਖਿਆ ਦੇਣ ਲਈ ਵੱਡੇ ਸਕੂਲ ਬਣਾਏ ਹਨ, ਅਤੇ ਉਹਨਾਂ ਨੂੰ ਪਰਮੇਸ਼ੁਰ ਤੋਂ ਉਸ ਤੋਂ ਵੀ ਦੂਰ ਭੇਜ ਦਿੱਤਾ ਹੈ ਜਿੰਨਾ ਉਹ ਸ਼ੁਰੂ ਵਿੱਚ ਸਨ। ਪਰਮੇਸ਼ੁਰ ਵਿਦਿਆ ਨਾਲ ਨਹੀਂ ਜਾਣਿਆ ਜਾਂਦਾ। ਉਹ ਧਰਮ ਸ਼ਾਸਤਰ ਦੁਆਰਾ ਨਹੀਂ ਜਾਣਿਆ ਜਾਂਦਾ। ਪਰਮੇਸ਼ੁਰ ਨੂੰ ਵਿਸ਼ਵਾਸ ਦੁਆਰਾ ਜਾਣਿਆ ਜਾਂਦਾ ਹੈ। ਤੁਸੀਂ ਪਰਮੇਸ਼ੁਰ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਉਹ ਵਿਆਖਿਆ ਤੋਂ ਪਰੇ ਹੈ।

77 ਦੇਖੋ ਇਸ ਨੇ ਕੀ ਕੀਤਾ ਹੈ, ਅਸੀਂ ਪੈਂਟੇਕੋਸਟਲ ਲੋਕ ਜੋ ਪੈਂਟੇਕੋਸਟ ਹੁੰਦੇ ਸਾਂ। ਸਾਡੀਆਂ ਔਰਤਾਂ ਨੇ ਆਪਣੇ ਵਾਲਾਂ ਦੇ ਪੱਟੇ ਬਣਾ ਲਏ ਹਨ, ਮੇਕਅਪ ਕਰਦੀਆਂ ਹਨ। ਸਾਡੇ ਆਦਮੀ ਇਸ ਦੀ ਇਜਾਜ਼ਤ ਦੇ ਰਹੇ ਹਨ। ਸਾਡੇ ਸੇਵਕ

ਇਸ ਦੀ ਇਜਾਜ਼ਤ ਦੇ ਰਹੇ ਹਨ। ਉਹ ਇਸ ਬਾਰੇ ਕੁਝ ਕਹਿਣ ਤੋਂ ਡਰਦੇ ਹਨ। ਜੇਕਰ ਉਹ ਅਜਿਹਾ ਕਰਦੇ ਹਨ ਤਾਂ ਕਲੀਸਿਯਾ ਉਨ੍ਹਾਂ ਨੂੰ ਬਾਹਰ ਕਰ ਦੇਵੇਗੀ। ਔਹ, ਕੀ ਸਾਨੂੰ ਘਰ ਦੀ ਸਫਾਈ ਦੀ ਲੋੜ ਨਹੀਂ ਹੈ, ਠੀਕ ਪੁਲਪਿਟ ਤੋਂ ਲੈ ਕੇ ਤਹਿਖਾਨੇ ਤੱਕ। ਇਹ ਸ਼ਰਮਨਾਕ ਹੈ। ਇਹ ਇੱਕ ਨਮੋਸ਼ੀ ਦੀ ਗੱਲ ਹੈ।

78 ਕੋਈ ਆਦਮੀ ਮੇਰੇ ਕੋਲ ਆਇਆ, ਜਿਆਦਾ ਚਿਰ ਨਹੀਂ ਹੋਇਆ, ਅਤੇ ਕਿਹਾ, "ਭਾਈ ਬ੍ਰਨਹਾਮ, ਲੋਕ ਤੁਹਾਨੂੰ ਪਿਆਰ ਕਰਦੇ ਹਨ।" ਪਰ ਕਿਹਾ, "ਤੁਸੀਂ ਹਮੇਸ਼ਾ ਉਹਨਾਂ ਨੂੰ ਫਟਕਾਰਦੇ ਰਹਿੰਦੇ ਹੋ, ਉਹਨਾਂ ਨੂੰ ਔਰਤਾਂ ਨੂੰ ਫਟਕਾਰਦੇ ਹੋ, ਛੋਟੇ ਵਾਲਾਂ ਕਰਕੇ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਕਰਕੇ।"

ਮੈਂ ਕਿਹਾ, "ਬਾਈਬਲ ਨੇ ਕਿਹਾ ਕਿ ਇਹ ਕਰਨਾ ਉਸ ਲਈ ਅਪਮਾਨਜਨਕ ਹੈ।"

79 ਜਦੋਂ ਉਹ ਅਜਿਹਾ ਕਰਦੀ ਹੈ ਤਾਂ ਉਹ ਆਪਣੇ ਪਤੀ ਦਾ ਨਿਰਾਦਰ ਕਰਦੀ ਹੈ। ਅਤੇ ਇਹ ਬਿਲਕੁਲ ਇੱਕ ਨਿਸ਼ਾਨੀ ਹੈ ਕਿ ਤੁਸੀਂ ਪਰਮੇਸ਼ੁਰ ਤੋਂ ਦੂਰ ਹੋ ਗਏ ਹੋ। ਯਾਦ ਰੱਖੋ, ਸਮਸੂਨ ਦੇ ਮਾਮਲੇ ਵਿੱਚ, ਲੰਬੇ ਵਾਲ ਇੱਕ ਨਾਜ਼ਰੀਨ ਨਿਸ਼ਾਨੀ ਸਨ ਕਿ ਉਹ ਸੰਸਾਰ ਤੋਂ ਵੱਖਰਾ ਸੀ, ਪਰਮੇਸ਼ੁਰ ਦੇ ਵਚਨ ਲਈ। ਅਤੇ ਜਦੋਂ ਤੁਸੀਂ ਆਪਣੇ ਵਾਲਾਂ ਨੂੰ ਕਟਾਉਂਦੀਆ ਹੋ, ਔਰਤੋ, ਤਾਂ ਤੁਸੀਂ ਇਨਕਾਰ ਕਰਦੀਆਂ ਹੋ ਕਿ ਤੁਸੀਂ ਨਾਜ਼ਰਾਈਟ ਚਿੰਨ੍ਹ ਹੋ। ਤੁਸੀਂ ਬਾਈਬਲ ਵੱਲ ਵਾਪਸ ਜਾਣ ਦੀ ਬਜਾਏ ਹਾਲੀਵੁੱਡ ਵੱਲ ਚਲੀਆਂ ਗਈਆਂ। ਬਾਈਬਲ ਨੇ ਕਿਹਾ, "ਉਹ ਵਾਲ ਨਾ ਕਟਾਉਣ।" ਦੇਖੋ, ਇਹ ਸ਼ਰਮ ਦੀ ਗੱਲ ਹੈ, ਅਤੇ ਸੇਵਕ ਇਸ ਬਾਰੇ ਕੁਝ ਨਹੀਂ ਕਹਿੰਦੇ ਹਨ।

80 ਇਸ ਆਦਮੀ ਨੇ ਮੈਨੂੰ ਕਿਹਾ, "ਤੁਸੀਂ ਉਨ੍ਹਾਂ ਔਰਤਾਂ ਨੂੰ ਇਕੱਲਾ ਕਿਉਂ ਨਹੀਂ ਛੱਡ ਦਿੰਦੇ?" ਕਿਹਾ, "ਉਹ ਤੁਹਾਨੂੰ ਨਬੀ ਮੰਨਦੀਆਂ ਹਨ।"

ਮੈਂ ਕਿਹਾ, "ਮੈਂ ਕਦੇ ਨਹੀਂ ਕਿਹਾ ਕਿ ਮੈਂ ਇੱਕ ਨਬੀ ਹਾਂ।"

81 ਕਿਹਾ, "ਉਹ ਤੁਹਾਨੂੰ ਉਹੀ ਮੰਨਦੇ ਹਨ। ਉਨ੍ਹਾਂ ਨੂੰ ਸਿਖਾਓ ਕਿ ਕਿਵੇਂ ਆਤਮਿਕ ਦਾਨ ਪ੍ਰਾਪਤ ਕਰਨੇ ਹਨ ਅਤੇ ਕੁਝ ਕਰਨਾ ਹੈ। ਤੁਹਾਨੂੰ ਉਨ੍ਹਾਂ ਨੂੰ ਵੱਡੀਆਂ ਚੀਜ਼ਾਂ, ਮਹਾਨ ਚੀਜ਼ਾਂ ਸਿਖਾਉਣੀਆਂ ਚਾਹੀਦੀਆਂ ਹਨ।"

82 ਮੈਂ ਕਿਹਾ, "ਮੈਂ ਉਨ੍ਹਾਂ ਨੂੰ ਬੀਜਗਣਿਤ ਕਿਵੇਂ ਸਿਖਾ ਸਕਦਾ ਹਾਂ ਜਦੋਂ ਉਹ ਆਪਣਾ ਓਅਣ ਵੀ ਨਹੀਂ ਸਿੱਖ ਸਕਦੇ, ਇਸ ਬਾਰੇ ਵਧੀਆ ਕਿਵੇਂ ਰਹਿਣਾ ਹੈ? ਤੁਸੀਂ ਇਸਨੂੰ ਕਿਵੇਂ ਕਰਨ ਜਾ ਰਹੇ ਹੋ? ਹਾਂ, ਪਹਿਲੀ ਗੱਲ ਤੇ ਜਾਓ।"

83 ਸਾਲ ਦਰ ਸਾਲ, ਦੇਸ਼ਾਂ ਨੂੰ ਪਾਰ ਕਰ ਰਿਹਾ ਹੈ, ਅਤੇ ਇਹ ਹਰ ਸਮੇਂ ਵਿਗੜਦਾ ਜਾਂਦਾ ਹੈ। ਕਿਤੇ ਕੁਝ ਗਲਤ ਹੈ, ਇਹ ਵਚਨ ਨਾਲ ਨਹੀਂ ਹੈ। ਕੋਈ

ਹੈਰਾਨੀ ਦੀ ਗੱਲ ਨਹੀਂ ਹੈ ਕਿ ਸਾਡੇ ਕੋਲ ਬੇਦਾਰੀ ਦੀ ਅੱਗ ਨਹੀਂ ਬਲ ਸਕਦੀ। ਸਾਨੂੰ ਘਰ ਦੀ ਸਫਾਈ ਲਈ ਸਮਾਂ ਚਾਹੀਦਾ ਹੈ। ਪਰਮੇਸ਼ੁਰ ਅਜਿਹਾ ਕਦੇ ਨਹੀਂ ਕਰੇਗਾ ਜਦੋਂ ਤੱਕ ਅਸੀਂ ਦੁਬਾਰਾ ਵਾਪਸ ਨਹੀਂ ਆਵਾਂਗੇ। ਸਾਨੂੰ ਘਰ ਦੀ ਸਫਾਈ ਲਈ ਸਮਾਂ ਚਾਹੀਦਾ ਹੈ।

84 ਅਤੇ ਤੁਸੀਂ ਆਦਮੀ, ਤੁਸੀਂ ਆਪਣੀ ਪਤਨੀ ਨੂੰ ਅਜਿਹਾ ਕੰਮ ਕਰਨ ਦਿਓਗੇ, ਨਿੱਕਰਾਂ ਪਹਿਨਣ ਦਿਓਗੇ! ਉਹ ਮੈਥੋਡਿਸਟ, ਬੈਪਟਿਸਟ ਨਹੀਂ ਹਨ। ਇਹ ਪੈਂਟੀਕੋਸਟਲ ਹਨ, ਇਹ ਸਹੀ ਹੈ, “ਭਗਤੀ ਦਾ ਰੂਪ, ਲਾਓਦੀਕੀਆ ਕਲੀਸਿਯਾ ਯੁੱਗ, ਸ਼ੀਲ ਗਰਮ,” ਨਾਮ ਦੇ ਪੈਂਟੀਕੋਸਟਲ, ਇਹੀ ਸਭ ਕੁਝ ਹੈ। ਪੰਤੇਕੁਸਤ ਇੱਕ ਨਾਮ ਨਹੀਂ ਹੈ, ਇਹ ਪਵਿੱਤਰ ਆਤਮਾ ਦੇ ਬਪਤਿਸਮੇ ਦਾ ਇੱਕ ਅਨੁਭਵ ਹੈ, ਜੋ ਲੋਕਾਂ ਨੂੰ ਸਾਫ਼ ਕਰਦਾ ਹੈ। ਕੋਈ ਹੈਰਾਨੀ ਨਹੀਂ ਕਿ ਸਾਡੇ ਕੋਲ ਵਧੀਆ ਚੰਗਾਈ ਸਭਾਵਾਂ ਅਤੇ ਚੀਜ਼ਾਂ ਨਹੀਂ ਹੋ ਸਕਦੀਆਂ, ਕਿਤੇ ਕੁਝ ਗਲਤ ਹੋ ਗਿਆ ਹੈ। ਇਹ ਸ਼ੈਤਾਨ ਹੈ, ਸਾਨੂੰ ਕੋਸ਼ਿਸ਼ ਕਰਦੇ ਹੋਏ ਦੇਖ ਰਿਹਾ ਹੈ...

85 “ਖੈਰ, ਜੇ ਅਸੀਂ ਇਸ ਬਾਰੇ ਕੁਝ ਵੀ ਕਹਾਂਗੇ, ਤਾਂ ਉਹ ਆਪਣੀ ਮੈਂਬਰਸ਼ਿਪ ਬਦਲ ਦੇਣਗੇ।”

86 ਯਾਦ ਰੱਖੋ, ਤੁਸੀਂ ਮਸੀਹੀਆਂ ਨੂੰ ਪੁਚਕਾਰਦੇ ਨਹੀਂ। ਮਸੀਹੀ ਰਗੜੇ ਜਾਂਦੇ ਹਨ। ਉਹ ਪਰਮੇਸ਼ੁਰ ਦੇ ਪੁਰਸ਼ ਅਤੇ ਇਸਤਰੀਆਂ ਹਨ, ਜੋ ਪਰਮੇਸ਼ੁਰ ਲਈ ਖੜੇ ਹੁੰਦੇ ਹਨ, ਚਾਹੇ ਕੋਈ ਕੁਝ ਵੀ ਕਹਿੰਦਾ ਰਹੇ। ਤੁਹਾਨੂੰ ਉਹਨਾਂ ਅੱਗੇ ਭੀਖ ਮੰਗਣ ਅਤੇ ਉਹਨਾਂ ਨੂੰ ਮਨਾਉਣ ਦੀ, ਅਤੇ ਉਹਨਾਂ ਨੂੰ ਅਤਰ ਲਗਾਓਣ ਦੀ ਲੋੜ ਨਹੀਂ ਹੁੰਦੀ ਅਤੇ ਉਹਨਾਂ ਨੂੰ ਬੱਚਿਆਂ ਵਾਂਗ ਇੱਧਰ ਉਧਰ ਨਹੀਂ ਖੜਨਾ ਪੈਂਦਾ। ਇਹ ਜਬਰਦਸਤੀ ਉਗਾਉਣ ਵਾਲਾ ਬਗੀਚਾ ਹੈ, ਦੋਗਲੇ ਪੌਦੇ ਹਨ, ਇਹ ਬਿਲਕੁਲ ਵੀ ਚੰਗਾ ਨਹੀਂ ਹੈ, ਉਹ ਕਦੇ ਵੀ ਕੁਝ ਪੈਦਾ ਨਹੀਂ ਕਰਨਗੇ।

87 ਮੈਨੂੰ ਯਾਦ ਦਿਵਾਉਂਦਾ ਹੈ, ਜਿਵੇਂ ਇੱਕ...ਇਹ ਜਲਦੀ ਹੀ ਆਲ੍ਹਣੇ ਵਿੱਚ ਆਂਡੇ ਦੇਣ ਸਮਾਂ ਹੋਵੇਗਾ। ਮੈਂ ਅੱਜ ਛੋਟੇ ਪੰਛੀਆਂ ਨੂੰ ਦੇਖਿਆ, ਉੱਥੇ, ਛੋਟੀਆਂ ਚਿੜੀਆਂ ਆਪਣੇ ਆਲ੍ਹਣੇ ਵਿੱਚ ਕੱਖਾਂ ਨੂੰ ਬੰਨ੍ਹ ਰਹੀਆਂ ਹਨ। ਉਨ੍ਹਾਂ ਦੇ ਆਂਡੇ ਦੇਣ ਵਿੱਚ ਜਿਆਦਾ ਸਮਾਂ ਨਹੀਂ ਹੈ, ਆਪਣੇ ਛੋਟੇ ਆਂਡੇ ਗਰਮ ਕਰਨ ਲਈ ਤਿਆਰੀ ਕਰ ਰਹੀਆਂ ਹਨ। ਤੁਸੀਂ ਜਾਣਦੇ ਹੋ, ਇੱਕ ਛੋਟੀ ਜਿਹੀ ਪੰਛੀ ਕੋਲ ਆਂਡਿਆਂ ਦਾ ਆਲ੍ਹਣਾ ਹੋ ਸਕਦਾ ਹੈ, ਅਤੇ ਉਹ ਆਂਡਿਆਂ ਦੇ ਆਲ੍ਹਣੇ ਤੇ ਬੈਠ ਸਕਦੀ ਹੈ, ਅਤੇ ਉਹ ਹਰ ਕੁਝ ਮਿੰਟਾਂ ਵਿੱਚ ਉਹਨਾਂ ਨੂੰ ਪਰਤਾਉਂਦੀ ਹੈ; ਆਪਣੇ ਛੋਟੇ ਪੈਰਾਂ ਨਾਲ ਉਨ੍ਹਾਂ ਨੂੰ ਪਰਤਾਉਂਦੀ ਹੈ, ਅਤੇ ਉੱਥੇ ਬੈਠ ਜਾਂਦੀ ਹੈ। ਹੁਣ, ਜੇ ਉਹ ਉਨ੍ਹਾਂ ਆਂਡਿਆਂ ਠੰਡੇ ਹੋਣ ਦਿੰਦੀ ਹੈ, ਇੱਕ ਵਾਰ ਗਰਮ ਹੋਣ ਤੋਂ

ਬਾਅਦ, ਤਾਂ ਉਹ ਨਹੀਂ ਨਿਕਲਣਗੇ। ਅਤੇ ਉਹ ਬਸ ਉੱਡ ਕੇ ਜਾਂਦੀ ਹੈ ਅਤੇ ਮੂੰਹ ਭਰ ਕੇ ਭੋਜਨ ਲੈ ਆਉਂਦੀ ਹੈ, ਅਤੇ ਸਿੱਧੀ ਵਾਪਸ ਉਨ੍ਹਾਂ ਦੇ ਉੱਤੇ ਆ ਜਾਂਦੀ ਹੈ।

88 ਅਤੇ ਤੁਸੀਂ ਜਾਣਦੇ ਹੋ, ਉਹ ਬੁੱਢੀ ਮਾਂ ਪੰਛੀ, ਉਹ ਉੱਥੇ ਉਨ੍ਹਾਂ ਆਂਡਿਆ ਤੇ ਬੈਠ ਸਕਦੀ ਸੀ, ਅਤੇ ਹਰ ਦੋ ਮਿੰਟਾਂ ਬਾਅਦ ਉਨ੍ਹਾਂ ਨੂੰ ਪਰਤਾ ਸਕਦੀ ਹੈ, ਅਤੇ ਨਾ...ਇੱਥੋਂ ਤੱਕ ਕਿ ਕੁਰਬਾਨੀ ਅਤੇ ਭੁੱਖੀ ਰਹੀ ਸਕਦੀ ਹੈ ਜਦੋਂ ਤੱਕ ਉਹ ਇੰਨੀ ਮਾੜੀ ਨਹੀਂ ਹੋ ਜਾਂਦੀ ਕਿ ਉਹ ਆਲ੍ਹਣੇ ਵਿੱਚੋਂ ਬਾਹਰ ਵੀ ਨਹੀਂ ਨਿਕਲ ਸਕਦੀ। ਪਰ ਜਦੋਂ ਤੱਕ, ਤਦ, ਉਹ ਮਾਂ ਪੰਛੀ ਨਰ ਪੰਛੀ ਦੇ ਸੰਪਰਕ ਵਿੱਚ ਨਹੀਂ ਹੁੰਦੀ, ਉਨ੍ਹਾਂ ਦੇ ਅੰਡੇ ਨਹੀਂ ਨਿਕਲਣਗੇ। ਕੋਈ ਫਰਕ ਨਹੀਂ ਪੈਂਦਾ, ਤੁਸੀਂ ਉਨ੍ਹਾਂ ਦਾ ਕਿੰਨਾ ਵੀ ਖਿਆਲ ਰੱਖੋ, ਉਹ ਨਹੀਂ ਨਿਕਲਣਗੇ। ਉਹ ਆਲ੍ਹਣੇ ਵਿੱਚ ਹੀ ਪਏ ਰਹਿਣਗੇ ਅਤੇ ਸੜ ਜਾਣਗੇ।

89 ਅਤੇ ਜੇਕਰ ਕਦੇ ਅਜਿਹਾ ਸਮਾਂ ਸੀ ਕਿ ਪੰਤੇਕੁਸਤ ਨੂੰ ਜੀਵਨ ਸਾਥੀ ਨਾਲ ਹੋਣਾ ਚਾਹੀਦਾ ਸੀ, ਯਿਸੂ ਮਸੀਹ; ਕਿਉਂਕਿ ਸਾਨੂੰ ਸੜੇ ਹੋਏ ਆਂਡਿਆਂ ਨਾਲ ਭਰੇ ਆਲ੍ਹਣੇ ਤੋਂ ਇਲਾਵਾ ਕੁਝ ਨਹੀਂ ਮਿਲ ਰਿਹਾ, ਵਿਸ਼ਵਾਸ ਤੋਂ ਇਨਕਾਰ ਕਰਦੇ ਹੋਏ, ਵਿਸਵਵਿਆਪੀ ਸਮਿਤੀ ਵਿਚ ਜਾ ਰਹੇ ਹਾਂ, ਅਤੇ ਇਸ ਨੂੰ ਮਹਾਨ ਚੀਜ਼ਾਂ ਕਹਿੰਦੇ ਹਨ, ਪੋਪ ਕੋਲ ਬੈਠਣਾ, ਅਤੇ ਕਹਿੰਦੇ ਹਨ "ਇਹ ਆਤਮਿਕ ਹੈ।" ਦੁਨੀਆਂ ਦਾ ਕੀ ਮਾਮਲਾ ਹੈ, ਤੁਸੀਂ ਪੰਤੇਕੋਸਟਲ ਲੋਕੋ? ਕੀ ਤੁਸੀਂ ਨਹੀਂ ਜਾਣਦੇ ਕਿ ਬਾਈਬਲ ਦੱਸਦੀ ਹੈ ਕਿ ਉਹ ਚੀਜ਼ਾਂ ਹੋਣਗੀਆਂ? ਅਤੇ ਅਸੀਂ ਚੰਘਿਆੜਦੇ ਹਾਂ ਕਿਉਂਕਿ ਮੈਥੋਡਿਸਟ ਅਤੇ ਬੈਪਟਿਸਟ ਆ ਰਹੇ ਹਨ, ਅਤੇ ਫਿਰ ਇਹ ਸਾਰੀਆਂ ਹੋਰ ਚੀਜ਼ਾਂ ਇਸ ਤਰ੍ਹਾਂ ਦੀਆਂ ਹਨ। ਕੀ ਤੁਹਾਨੂੰ ਇਹ ਨਹੀਂ ਪਤਾ ਕਿ ਜਦੋਂ ਸੁੱਤੀ ਹੋਈ ਕੁਆਰੀ ਤੇਲ ਖਰੀਦਣ ਜਾਂਦੀ ਹੈ, ਉਸੇ ਵੇਲੇ ਲਾੜਾ ਆਇਆ ਸੀ? ਅਤੇ ਉਨ੍ਹਾਂ ਨੂੰ ਤੇਲ ਨਹੀਂ ਮਿਲਿਆ! ਤੁਸੀਂ ਜਾਣਦੇ ਹੋ, ਉਠਾਇਆ ਜਾਣਾ ਬਹੁਤ ਹੀ ਗੁਪਤ ਵਿੱਚ ਹੋਵੇਗਾ, ਅਤੇ ਚਲੇ ਜਾਣਾ, ਇਹਨਾਂ ਵਿੱਚੋਂ ਕਿਸੇ ਸਮੇਂ, ਤੁਹਾਨੂੰ ਇਹ ਵੀ ਨਹੀਂ ਪਤਾ ਹੋਵੇਗਾ ਕਿ ਇਹ ਹੋ ਗਿਆ ਹੈ। ਇਹ ਚਲਾ ਜਾਵੇਗਾ, ਅਤੇ ਤੁਸੀਂ ਹੈਰਾਨ ਹੋਵੋਗੇ ਕਿ ਕੀ ਹੋਇਆ।

90 ਜਿਵੇਂ ਯੂਹੰਨਾ ਧਰਤੀ ਉੱਤੇ ਆਇਆ ਸੀ। ਅਤੇ ਉਨ੍ਹਾਂ ਨੇ ਉਸ ਨੂੰ ਕਿਹਾ, "ਅੱਛਾ, ਬਾਈਬਲ ਨੇ ਕਿਹਾ ਸੀ ਕਿ, ਏਲੀਯਾਹ ਪਹਿਲਾਂ ਆਉਣਾ ਚਾਹੀਦਾ ਹੈ।" ਉਸ ਨੇ ਕਿਹਾ, "ਉਹ ਤਾਂ ਆ ਵੀ ਗਿਆ, ਅਤੇ ਤੁਹਾਨੂੰ ਇਹ ਪਤਾ ਵੀ ਨਹੀਂ ਸੀ।"

91 ਇਸੇ ਤਰ੍ਹਾਂ ਹੀ ਹੋਵੇਗਾ, ਕਿਸੇ ਦਿਨ, ਉਹ ਕਹਿਣਗੇ, "ਮੈਂ ਸੋਚਿਆ ਕਿ ਇਹ ਤਾਂ ਕਸ਼ਟਕਾਲ ਤੋਂ ਪਹਿਲਾਂ ਵਾਪਰਨਾ ਸੀ। ਮੈਂ ਸੋਚਿਆ ਕਿ ਉਠਾਏ ਜਾਣਾ

ਹੋਣਾ ਸੀ।" ਇਹ ਜਵਾਬ ਮਿਲ ਸਕਦਾ ਹੈ, "ਇਹ ਪਹਿਲਾਂ ਹੀ ਹੋ ਚੁੱਕਾ ਹੈ ਅਤੇ ਤੁਹਾਨੂੰ ਇਹ ਪਤਾ ਵੀ ਨਹੀਂ ਸੀ।" ਉਂ-ਹੂੰ। ਇਹ ਤੁਹਾਡੀ ਸੋਚ ਤੋਂ ਵੀ ਪਹਿਲਾਂ ਹੋ ਸਕਦਾ ਹੈ। ਔਹ, ਜਾਗੋ, ਕਲੀਸਿਯਾ! ਮੇਰਾ ਇਸ ਨੂੰ ਛੱਡ ਦੇਣਾ ਹੀ ਬਿਹਤਰ ਹੈ; ਮੈਂ ਇੱਥੇ ਕਦੇ ਵੀ ਸਿਧਾਂਤ ਲਈ ਨਹੀਂ ਆਇਆ, ਮੈਂ ਹੁਣੇ ਸੋਚਿਆ ਕਿ ਮੈਂ ਇਸ ਨੂੰ ਵਿੱਚ ਲਿਆਵਾਂਗਾ ਤਾਂ ਜੋ ਤੁਹਾਡੇ ਕੋਲ ਇਹ ਇਸ ਪਾਸੇ ਹੋ ਸਕੇ।

92 ਯਾਦ ਰੱਖੋ, ਭਾਈ, ਸ਼ੈਤਾਨ ਨੇ ਇਹ ਵੱਡੇ ਪ੍ਰੋਗਰਾਮ ਦੇਖੇ ਹਨ, ਇੱਕ ਗਿਰਜਾ ਦੂਜੇ ਨੂੰ ਪਛਾੜਣ ਦੀ ਕੋਸ਼ਿਸ਼ ਕਰ ਰਿਹਾ ਹੈ, ਇੱਕ ਫ਼ਿਰਕਾ ਦੂਜੇ ਨੂੰ ਪਛਾੜਨ ਦੀ ਕੋਸ਼ਿਸ਼ ਕਰ ਰਿਹਾ ਹੈ, ਸਾਰੀ ਅਨਪੜ੍ਹਤਾ ਨੂੰ ਖਤਮ ਕਰ ਰਿਹਾ ਹੈ ਅਤੇ ਉਹਨਾਂ ਨੂੰ ਮਨੋਵਿਗਿਆਨ ਦੀ ਪ੍ਰੀਖਿਆ ਦੇਣੀ ਪਵੇਗੀ, ਮਿਸ਼ਨ ਦੇ ਖੇਤਰਾਂ ਵਿੱਚ ਜਾਣ ਤੋਂ ਪਹਿਲਾਂ ਇੱਕ ਆਦਮੀ ਦੀ ਪ੍ਰੀਖਿਆ ਕਰਨ ਲਈ ਮਨੋਵਿਗਿਆਨ ਹੈ। ਪੰਤੇਕੁਸਤ! ਨਹੀਂ, ਉਹ—ਉਹ—ਇਹ ਪ੍ਰੈਸਬੀਟੇਰੀਅਨ ਨਹੀਂ ਹਨ, ਇਹ ਪੈਂਟੀਕੋਸਟਲ ਹਨ। ਪੈਂਟੇਕੋਸਟਲਾਂ ਦੇ ਇੱਕ ਖਾਸ ਸਮੂਹ ਦੀ ਇੱਕ ਮਾਨਸਿਕ ਜਾਂਚ ਦੀ ਲੋੜ ਹੁੰਦੀ ਹੈ, ਵੱਡਾ ਸਮੂਹ, ਇਸ ਤੋਂ ਪਹਿਲਾਂ ਕਿ ਮਿਸ਼ਨਰੀ ਸੇਵਾ ਖੇਤਰ ਵਿੱਚ ਜਾਣ।

93 ਜੇ ਉਨ੍ਹਾਂ ਦੀ ਅਜਿਹੀ ਜਾਂਚ ਹੁੰਦੀ ਤਾਂ ਕੀ ਹੁੰਦਾ? ਉਨ੍ਹਾਂ ਦੀ ਇੱਕ ਜਾਂਚ ਹੋਈ ਸੀ। ਇਹ ਸ਼ੁਰੂ ਵਿੱਚ ਇੱਕ ਪੈਂਟੇਕੋਸਟਲ ਜਾਂਚ ਸੀ, ਜਦੋਂ ਉਹ ਉੱਪਰਲੇ ਕਮਰੇ ਵਿੱਚ ਇੰਤਜ਼ਾਰ ਕਰਦੇ ਰਹੇ ਜਦੋਂ ਤੱਕ ਆਕਾਸ਼ ਤੋਂ ਅੱਗ ਨਾ ਆਈ, ਅਤੇ ਪਰਮੇਸ਼ੁਰ ਦੀ ਸ਼ਕਤੀ। ਇਹ ਜਾਂਚ ਸੀ।

94 ਕੋਈ ਦੁਨਿਆਵੀ, ਅੱਧਾ-ਸ਼ਰਾਬੀ ਮਨੋਵਿਗਿਆਨੀ ਉਥੇ ਖੜ੍ਹਾ ਹੋ ਕੇ ਮਨ ਬਣਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਸੀ, ਜੇ ਤੁਸੀਂ ਥੋੜ੍ਹਾ ਜਿਹਾ ਉਤਸ਼ਾਹਿਤ ਹੋ, ਜਾਂ ਕੁਝ, ਕਹਿੰਦੇ ਹੋ, "ਤੁਸੀਂ ਪੂਰੀ ਤਰ੍ਹਾਂ ਤਿਆਰ ਨਹੀਂ ਹੋ।" ਜਦੋਂ, ਇਹ ਬਿਲਕੁਲ ਸਾਬਤ ਕਰਦਾ ਹੈ ਕਿ ਇੱਕ ਵਿਅਕਤੀ ਜੋ ਬਹੁਤ ਜਿਆਦਾ ਆਤਮਿਕ ਹੈ ਉਹ ਘਬਰਾ ਜਾਂਦਾ ਹੈ, ਇਸ ਵਿੱਚ ਆਉਣ ਲਈ ਉਸਨੂੰ ਉਸ ਹਾਲਤ ਵਿੱਚ ਹੋਣਾ ਚਾਹੀਦਾ ਹੈ। ਇਸ ਲਈ ਤੁਸੀਂ ਉੱਥੇ ਹੋ, ਦੇਖੋ, ਅਤੇ ਸਿਰਫ਼ ਉਹ ਉਸ ਨੂੰ ਵਿਗਾੜ ਰਹੇ ਹਨ ਜੋ ਪਰਮੇਸ਼ੁਰ ਨੇ ਸਾਲਾਂ ਤੋਂ ਕਰਨ ਦੀ ਕੋਸ਼ਿਸ਼ ਕੀਤੀ ਹੈ, ਅਤੇ ਉਹਨਾਂ ਦੇ ਪ੍ਰੋਗਰਾਮਾਂ ਅਤੇ ਉਹਨਾਂ ਦੀਆਂ ਵੱਡੀਆਂ ਚੀਜਾਂ ਨਾਲ ਵਾਪਸ ਆਉਂਦੇ ਹਨ…

95 ਉਹ ਉਤਸ਼ਾਹਿਤ ਹੁੰਦੇ ਹਨ ਜਦੋਂ ਉਹ ਬਹੁਤ ਸਾਰੇ ਲੋਕਾਂ ਨੂੰ ਇਕੱਠੇ ਹੁੰਦੇ ਦੇਖਦੇ ਹਨ। ਕਹਿੰਦੇ ਹਨ, "ਜੇ ਮੈਂ ਉਹਨਾਂ ਸਾਰਿਆਂ ਨੂੰ ਅਸੈਂਬਲੀ ਬਣਾ ਦੇਵਾਂ! ਜੇ ਮੈਂ ਉਨ੍ਹਾਂ ਸਾਰਿਆਂ ਨੂੰ ਏਕਤਾਵਾਦੀ ਬਣਾ ਦੇਵਾਂ! ਜੇ ਮੈਂ ਸਾਰੇ ਮੈਥੋਡਿਸਟ ਬਣਾ

ਦੇਵਾਂ!" ਮੈਥੋਡਿਸਟ ਉਹਨਾਂ ਸਾਰਿਆਂ ਨੂੰ ਮੈਥੋਡਿਸਟ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਬੈਪਟਿਸਟ ਸਾਰਿਆਂ ਨੂੰ ਬੈਪਟਿਸਟ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪੈਂਟੇਕੋਸਟਲ ਸਾਰਿਆਂ ਨੂੰ ਪੈਂਟੇਕੋਸਟਲ! ਓਹ, ਤੁਸੀਂ ਇਸ ਬਾਰੇ ਕੁਝ ਨਹੀਂ ਕਰ ਸਕਦੇ, ਪਰਮੇਸ਼ੁਰ ਨੇ ਉਹਨਾਂ ਨੂੰ ਜਗਤ ਦੀ ਨੀਂਹ ਤੋਂ ਨਿਯੁਕਤ ਕੀਤਾ ਹੈ। ਸਾਨੂੰ ਇੰਜੀਲ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਇਹੀ ਸਭ ਹੈ। ਪਰ, ਸਾਡੇ ਵੱਡੇ ਪ੍ਰੋਗਰਾਮ, ਅਸੀਂ ਉਸ ਅੱਗ ਤੋਂ ਬਿਨਾਂ ਚਲੇ ਗਏ ਹਾਂ। ਅਸੀਂ ਚਲੇ ਗਏ ਅਤੇ ਆਪਣੇ ਆਪ ਲਈ ਘਰੇਲੂ ਅੱਗ ਬਣਾ ਲਈ, ਇਸ ਦੇ ਵਰਗੀ।

96 ਅਤੇ ਸਾਡਾ ਸਾਮਵਾਦ, ਹੁਣ ਅਸੀਂ ਬਹੁਤ ਡਰੇ ਹੋਏ ਹਾਂ, ਸਾਮਵਾਦ ਸਥਾਪਤ ਹੋ ਗਿਆ ਹੈ, "ਇਸ ਨਾਲ ਕੀ ਹੋਣ ਵਾਲਾ ਹੈ?" ਪਰ, ਤੁਸੀਂ ਜਾਣਦੇ ਹੋ, ਮਹਾਨ ਚੀਜ਼ ਸਾਮਵਾਦ ਨਹੀਂ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ ਹੁਣ, ਮੈਂ ਸਾਮਵਾਦ ਤੋਂ ਨਹੀਂ ਡਰਦਾ।

97 ਪਰ ਜਿਸ ਚੀਜ਼ ਤੋਂ ਮੈਂ ਡਰਦਾ ਹਾਂ, ਉਹ ਤੁਸੀਂ ਪੈਂਟੇਕੋਸਟਲ ਹੋ, ਇਹ ਵਿਸਵਵਿਆਪੀ ਸਮਿਤੀ ਤੁਹਾਡੇ ਤੇ ਕਬਜਾ ਕਰ ਲਵੇਗੀ। ਇਹੀ ਗੱਲ ਹੈ। ਇਹ ਦਰਿੰਦੇ ਦੀ ਮੋਹਰ ਬਣਨ ਜਾ ਰਹੀ ਹੈ, ਅਤੇ ਤੁਹਾਨੂੰ ਇਸ ਵਿੱਚ ਜਾਣਾ ਪਵੇਗਾ। ਕਿਉਂਕਿ ਤੁਸੀਂ ਇੱਕ ਸੰਸਥਾ ਹੋ, ਤੁਹਾਨੂੰ ਜਾਂ ਅੰਦਰ ਜਾਣਾ ਪਵੇਗਾ ਜਾਂ ਬਾਹਰ ਆਉਣਾ ਪਵੇਗਾ। ਇਹੀ ਗੱਲ ਹੈ, ਅਤੇ ਕੋਈ ਵੀ ਚੰਗਾ, ਸਮਝਦਾਰ, ਆਤਮਿਕ ਵਿਅਕਤੀ ਇਹ ਜਾਣਦਾ ਹੈ। ਸਾਨੂੰ ਝੀਲ-ਦੇ-ਉੱਤੇ ਇੱਕ ਹੋਰ ਗਵਾਹੀ ਦੀ ਲੋੜ ਹੈ, ਸਾਨੂੰ ਹੁਣ ਇਹ ਪਤਾ ਲਗਾ ਹੈ। ਅਤੇ ਸਾਡਾ ਪੰਤੇਕੁਸਤ, ਬਸ ਇਸ ਨੂੰ ਨਿਗਲ ਰਿਹਾ ਹੈ, ਪੂਰੀ ਤਰ੍ਹਾਂ ਭਰਮਾ ਲਿਆ ਹੈ, "ਇਹ ਕਿੰਨੀ ਵੱਡੀ ਗੱਲ ਹੋਵੇਗੀ!" ਜਦੋਂ, ਮੈਥੋਡਿਸਟ, ਪ੍ਰੈਸਬੀਟੇਰੀਅਨ, ਲੂਥਰਨ, ਮਸੀਹ ਦੀ ਕਲੀਸਿਯਾ, ਅਤੇ ਪੈਂਟੀਕੋਸਟਲ, ਤੁਹਾਨੂੰ ਉੱਥੇ ਹੋਣ ਲਈ, ਆਪਣੇ ਮਹਾਨ ਰਸੂਲੀ ਸਿਧਾਂਤ ਦਾ ਇਨਕਾਰ—ਇਨਕਾਰ ਕਰਨਾ ਪਵੇਗਾ। ਉਨ੍ਹਾਂ ਨੂੰ ਅਜਿਹਾ ਹੀ ਕਰਨਾ ਪਵੇਗਾ। ਤੁਹਾਨੂੰ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੋਵੇਗਾ। ਇਹ ਸਭ ਰੋਮ ਦੇ ਨਾਲ ਇਕਸਾਰ ਹੋ ਰਿਹਾ ਹੈ, ਬਿਲਕੁਲ ਜੋ ਸਾਬਤ ਕੀਤਾ ਗਿਆ ਹੈ। ਵਚਨ ਨੇ ਅਜਿਹਾ ਕਿਹਾ ਹੈ।

98 ਪ੍ਰਚਾਰਕਾਂ ਨੂੰ ਕੀ ਹੋ ਗਿਆ ਹੈ ਜੋ ਇਨ੍ਹਾਂ ਚੀਜਾਂ ਨੂੰ ਇਸ ਹਾਲਤ ਵਿੱਚ ਆਉਣ ਦਿੰਦੇ ਹਨ, ਲੋਕਾਂ ਨੂੰ ਚੇਤਾਵਨੀ ਨਹੀਂ ਦਿੰਦੇ? ਪਰਮੇਸ਼ੁਰ ਉਨ੍ਹਾਂ ਦੇ ਹੱਥੋਂ ਮੰਗ ਕਰੇਗਾ। ਸੰਕਟ ਦੇ ਇਸ ਸਮੇਂ ਵਿੱਚ, ਉਹ ਸੰਕਟ ਵਿੱਚ ਸਨ, ਉਹ ਸਨ। ਸਾਮਵਾਦ ਸਥਾਪਤ ਨਹੀਂ ਹੋ ਰਿਹਾ; ਇਹ ਵਿਸ਼ਵਵਿਆਪੀ ਸਮਿਤੀ ਹੈ ਜੋ ਪੂਰੇ ਝੁੰਡ ਨੂੰ ਨਿਗਲਣ ਜਾ ਰਹੀ ਹੈ। ਅਤੇ ਯਾਦ ਰੱਖੋ, ਜਦੋਂ ਤੁਸੀਂ ਕਹਿੰਦੇ ਹੋ, "ਨਹੀਂ

ਕਰੇਗਾ…” ਅਜਿਹਾ ਹੁੰਦਾ ਹੈ, ਫਿਰ ਬਹੁਤ ਦੇਰ ਹੋ ਜਾਂਦੀ ਹੈ। ਤੁਸੀਂ ਦਰਿੰਦੇ ਦਾ ਨਿਸ਼ਾਨ ਲੈ ਲਿਆ ਹੈ। ਤੁਸੀਂ ਫਿਰ ਇਸ ਦੇ ਨਾਲ ਸਬੰਧਤ ਹੋ।

99 ਚੰਗਾ ਹੋਵੇਗਾ ਤੁਸੀਂ ਉੱਥੇ ਪਹੁੰਚੋ ਜਿੱਥੇ ਤੁਸੀਂ ਹੁਣ ਇਸ ਤੋਂ ਦੂਰ ਹੋ ਸਕਦੇ ਹੋ, ਹਾਂ, ਸ਼੍ਰੀਮਾਨ, ਪਰਮੇਸ਼ੁਰ ਦੇ ਰਾਜ ਵਿੱਚ ਮੁਹਰਬੰਦ ਹੋਵੋ। ਮਸੀਹ ਦੀ ਦੇਹ ਮਸੀਹ ਦੀ ਰਹੱਸਮਈ ਦੇਹ ਹੈ, ਜਿਸ ਨੂੰ ਪਵਿੱਤਰ ਆਤਮਾ ਦੁਆਰਾ ਇਸ ਵਿੱਚ ਬਪਤਿਸਮਾ ਦਿੱਤਾ ਗਿਆ ਹੈ; ਇਸ ਵਿੱਚ ਸ਼ਾਮਲ ਨਹੀਂ ਹੋਇਆ, ਇਸ ਵਿੱਚ ਲਿਆ ਨਹੀਂ ਗਿਆ, ਗੱਲਬਾਤ ਕਰਕੇ ਇਸ ਵਿੱਚ ਨਹੀਂ ਲਿਆਂਦਾ ਗਿਆ, ਬੋਲੀਆਂ ਬੋਲ ਕੇ ਨਹੀਂ, ਰੌਲਾ ਪਾ ਕੇ ਇਸ ਵਿੱਚ ਨਹੀਂ ਲਿਆਂਦਾ ਗਿਆ। ਤੁਸੀਂ ਇਸ ਵਿੱਚ, ਪਵਿੱਤਰ ਆਤਮਾ ਦੁਆਰਾ ਜਨਮ ਲਿਆ ਹੈ। ਇਹ ਠੀਕ ਹੈ। ਯਕੀਨਨ।

100 ਹੁਣ ਅਸੀਂ ਇਨ੍ਹਾਂ ਗੱਲਾਂ ਵੱਲ ਧਿਆਨ ਦਿੰਦੇ ਹਾਂ, ਸੰਕਟ ਅਚਾਨਕ ਆ ਜਾਂਦਾ ਹੈ। ਔਹ, ਸ਼ੈਤਾਨ ਨੇ ਦੇਖਿਆ ਅਤੇ ਕਿਹਾ, “ਉਂ-ਹੂੰ, ਉਹ ਝੱਲੇ ਹੋ ਗਏ ਹਨ, ਉਹ ਬਸ ਉੱਥੇ ਉੱਪਰ-ਅਤੇ ਹੇਠਾਂ ਛਾਲਾਂ ਮਾਰ ਰਹੇ ਹਨ, ਚੀਕਾਂ ਮਾਰ ਰਹੇ ਹਨ, ਮਹਾਨ ਸਮਾਂ ਬਿਤਾ ਰਹੇ ਹਨ। ਤੁਸੀਂ ਜਾਣਦੇ ਹੋ, ਇਸੇ ਵੇਲੇ ਹੀ ਮੇਰਾ ਉਨ੍ਹਾਂ ਨੂੰ ਡੁੱਬਣ ਦਾ ਸਮਾਂ ਹੈ। ਮੈਂ ਹੁਣ ਉਨ੍ਹਾਂ ਨਾਲ ਹਿਸਾਬ ਬਰਾਬਰ ਕਰ ਲਵਾਂਗਾ।”

101 ਇਸ ਲਈ ਉਹ ਪਹਾੜੀ ਉੱਤੇ ਉੱਠਿਆ ਅਤੇ ਆਪਣੇ ਜ਼ਹਿਰੀਲੇ ਸਾਹ ਨੂੰ ਫੂਕਣ ਲੱਗਾ, ਫਯੁ: “ਅਚਰਜ ਕੰਮਾਂ ਦੇ ਦਿਨ ਬੀਤ ਗਏ ਹਨ। ਆਖ਼ਰਕਾਰ, ਮੇਰਾ ਮੰਨਣਾ ਹੈ ਕਿ ਇਹ ਲੋਕ ਸਿਰਫ਼ ਘਬਰਾਏ ਹੋਏ ਹਨ। ਮੈਨੂੰ ਲਗਦਾ ਹੈ ਕਿ ਵਿਦੇਸ਼ੀ ਖੇਤਰਾਂ ਵਿੱਚ ਜਾਣ ਤੋਂ ਪਹਿਲਾਂ ਉਹਨਾਂ ਦੀ ਇੱਕ—ਇੱਕ—ਇੱਕ ਮਾਨਸਿਕ ਜਾਂਚ ਹੋਣੀ ਚਾਹੀਦੀ ਹੈ।” ਪੈਂਟੀਕੋਸਟਲ! ਉਂ-ਹੂੰ। ਵੇਖੋ ਉਸਦਾ ਜ਼ਹਿਰੀਲਾ ਸਾਹ ਵਚਨ ਨੂੰ ਮਾਰ ਰਿਹਾ ਹੈ, “ਔਹ, ਮੈਨੂੰ ਲਗਦਾ ਹੈ ਕਿ ਇਹ ਕੁਝ ਹੋਰ ਹੈ, ਮੈਂ—ਮੈਂ ਇਹ ਮੰਨਦਾ ਹਾਂ…” ਦੇਖੋ, ਸਿੱਧਾ ਉੱਥੇ ਹੀ ਜਾ ਰਿਹਾ ਹੈ ਜਿੱਥੇ ਬਾਕੀ ਸਾਰੀਆਂ ਨਾਮਧਾਰੀ ਕਲੀਸਿਯਾ ਗਈਆਂ ਸਨ, ਇਹ ਬਿਲਕੁਲ ਉਹੀ ਮਾਰਗ ਹੈ ਜਿਸ ਤੇ ਉਹ ਚੱਲ ਰਹੇ ਹਨ। ਉਹ ਕਰਨਗੇ, ਇਹ ਇਸਨੂੰ ਮਾਰ ਦਿੰਦਾ ਹੈ। ਜਿਸ ਵੇਲੇ ਹੀ ਤੁਸੀਂ ਇਸਨੂੰ ਸੰਗਠਿਤ ਕਰਦੇ ਹੋ, ਉਹ ਇਸਨੂੰ ਮਾਰ ਦਿੰਦਾ ਹੈ। ਇਸ ਨੇ ਹਮੇਸ਼ਾ ਇਹੀ ਕੀਤਾ ਹੈ। ਇਹ ਹਮੇਸ਼ਾ ਇਹੀ ਕਰੇਗਾ। ਇਹ ਦੁਬਾਰਾ ਕਦੇ ਨਹੀਂ ਉੱਠੇਗਾ। ਇਹ ਇਤਿਹਾਸ ਵਿੱਚ ਕਦੇ ਨਹੀਂ ਜਾਣਿਆ ਗਿਆ। ਲਾਓਦੀਕੀਆ ਕਲੀਸਿਯਾ ਯੁੱਗ ਵਿੱਚ—ਵਿੱਚ, ਮਸੀਹ ਕਲੀਸਿਯਾ ਦੇ ਬਾਹਰ ਸੀ, ਖੜਕਾਉਂਦਾ ਹੋਇਆ, ਅੰਦਰ ਆਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਤੇ ਉਹ ਬਸ ਇਸ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਉਹ ਇਸ ਨੂੰ ਸੁਣ

ਨਹੀਂ ਸਕਦੇ। ਹੁਣ ਅਸੀਂ ਵੇਖਦੇ ਹਾਂ, ਜਿਸ ਸਮੇਂ ਅਸੀਂ ਜੀ ਰਹੇ ਹਾਂ, ਸੰਕਟ ਸ਼ੁਰੂ ਹੋ ਗਿਆ ਹੈ।

102 ਅਤੇ ਫਿਰ ਅਸੀਂ ਇਹ ਪਤਾ ਲਗਾਉਣਾ ਸ਼ੁਰੂ ਕਰਦੇ ਹਾਂ, ਹੁਣ ਅਚਰਜ ਕੰਮ ਨਹੀਂ ਹੋ ਰਹੇ ਹਨ, ਜਿਵੇਂ ਉਹ ਹੁੰਦੇ ਸਨ। ਬਿਮਾਰ ਲੋਕ ਬਿਮਾਰ ਹੀ ਘਰ ਚਲੇ ਜਾਂਦੇ ਹਨ। ਇਹ ਪਰਮੇਸ਼ੁਰ ਦੇ ਕਾਰਨ ਨਹੀਂ ਹੈ। ਇਹ ਲੋਕਾਂ ਵਿੱਚ ਬੇਦਾਰੀ ਦੀ ਘਾਟ ਕਾਰਨ ਹੈ। ਕੋਈ ਬੇਦਾਰੀ ਨਹੀਂ ਹੈ। ਉਹ—ਉਹ ਬੈਠ ਕੇ ਸੁਣਦੇ ਹਨ; ਘਰ ਜਾਂਦੇ ਹਨ, ਕਹਿੰਦੇ ਹਨ, “ਖੈਰ, ਮੇਰਾ ਅੰਦਾਜ਼ਾ ਹੈ ਕਿ ਇਹ ਬਹੁਤ ਵਧੀਆ ਸੀ। ਉੰ-ਹੂੰ।” ਦੇਖੋ, ਉੱਥੇ ਉਹ ਉਤਸ਼ਾਹ ਨਹੀਂ ਹੈ। ਲੋਕਾਂ ਵਿੱਚ ਉਹ ਚੀਜ਼ ਨਹੀਂ ਹੈ ਜੋ ਹੋਣੀ ਚਾਹੀਦੀ ਹੈ।

103 ਮੈਨੂੰ ਪੰਦਰਾਂ ਸਾਲ ਪਹਿਲਾਂ ਯਾਦ ਹੈ, ਇੱਥੇ ਅਰਕਨਸਾਸ ਵਿੱਚ, ਜਦੋਂ ਮੈਂ ਜੋਨਸਬਰੋ ਵਿੱਚ ਇੱਕ ਛੋਟੀ ਜਿਹੀ ਸਭਾ ਕਰ ਰਿਹਾ ਸੀ, ਜਦੋਂ ਲਗਭਗ ਚਾਲੀ ਹਜ਼ਾਰ ਲੋਕ ਇਸ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ, ਅਜਿਹੀ ਸਭਾ ਵਿੱਚ ਆਉਣ ਲਈ ਜਿਸ ਦੇ ਸ਼ਹਿਰ ਦੀ ਆਬਾਦੀ ਲਗਭਗ ਪੰਦਰਾਂ ਹਜ਼ਾਰ ਸੀ। ਅਤੇ ਉਹ ਕਪਾਹ ਦੇ ਟਰੱਕਾਂ ਅਤੇ ਹੋਰ ਸਭ ਚੀਜਾਂ ਦੇ ਹੇਠਾਂ ਸੌਂਦੇ ਸਨ, ਅਤੇ ਆਪਣੇ ਬਿਮਾਰ ਬੱਚਿਆਂ ਨੂੰ ਕਾਗਜਾਂ ਨਾਲ ਢੱਕਦੇ ਸਨ, ਤਾਂ ਜੋ ਬਸ ਅੰਦਰ ਜਾ ਸਕਣ। ਉਹ ਆਪਣੀਆਂ ਸੀਟਾਂ ਤੇ ਬੈਠ ਜਾਂਦੇ ਸਨ ਅਤੇ ਜਾਂਦੇ ਹੀ ਨਹੀਂ ਸਨ, ਦਿਨ ਅਤੇ ਰਾਤ, ਅਤੇ ਆਪਣੇ ਅਜ਼ੀਜ਼ਾਂ ਨੂੰ ਹੈਮਬਰਗਰ ਅਤੇ ਪੌਪ ਦੀ ਇੱਕ—ਇੱਕ ਬੋਤਲ ਲੈਣ ਲਈ ਭੇਜਦੇ ਸਨ; ਅਤੇ ਉੱਥੇ ਹੀ ਰਹਿੰਦੇ ਸਨ, ਹਰ ਦਿਨ ਲਗਾਤਾਰ, ਹਰੇਕ ਦਿਨ ਲਗਾਤਾਰ। ਉਨ੍ਹਾਂ ਦੇ ਦਿਲ ਬਲ ਰਹੇ ਸਨ, ਅੱਗ ਨਾਲ। ਪਰਮੇਸ਼ੁਰ ਛੋਟਾ ਜਿਹਾ ਕੋਈ ਵੀ ਕੰਮ ਕਰਦਾ ਸੀ, ਉਹੀ ਉਨ੍ਹਾਂ ਅੰਦਰ ਅੱਗ ਬਾਲ ਦਿੰਦਾ ਸੀ। ਅਤੇ ਉਹਨਾਂ ਵਿੱਚੋਂ ਸੈਂਕੜੇ ਲੋਕ ਅੰਦਰ ਆਏ।

104 ਉਹ ਅਜੇ ਵੀ ਉਹੀ ਪਰਮੇਸ਼ੁਰ ਹੈ, ਅੱਜ ਰਾਤ, ਜੋ ਉਹ ਪੰਦਰਾਂ ਸਾਲ ਪਹਿਲਾਂ ਸੀ। ਉਹ ਅਜੇ ਵੀ ਉਹੀ ਪਰਮੇਸ਼ੁਰ ਹੈ, ਅੱਜ ਰਾਤ, ਜਦੋਂ ਉਸਨੇ ਆਕਾਸ਼ ਅਤੇ ਧਰਤੀ ਨੂੰ ਬਣਾਇਆ ਸੀ।

105 ਪਰ ਇਹ ਕੀ ਹੈ? ਅਸੀਂ ਸਾਰੇ ਉਤਸ਼ਾਹਿਤ ਹੋ ਗਏ ਅਤੇ ਆਪਣੀਆਂ ਸੰਸਥਾਵਾਂ ਨੂੰ ਬਣਾਉਣਾ ਚਾਹੁੰਦੇ ਸੀ, *ਇਸ* ਨੂੰ ਬਣਾਉਣਾ ਚਾਹੁੰਦੇ ਸੀ, ਅਤੇ *ਇਸ* ਨੂੰ ਬਣਾਉਣਾ ਚਾਹੁੰਦੇ ਸੀ, ਅਤੇ ਕੁਝ ਮਹਾਨ ਅਤੇ ਚਮਕਦਾਰ ਬਣਾਉਣਾ ਚਾਹੁੰਦੇ ਸੀ, ਜੋਨਸ ਨਾਲ ਤੁਲਨਾ ਕਰਦੇ ਸੀ, ਮੈਥੋਡਿਸਟਾਂ ਦੇ ਨਾਲ, ਬੈਪਟਿਸਟਾਂ ਦੇ ਨਾਲ, ਪ੍ਰੈਸਬੀਟੇਰੀਅਨ ਦੇ ਨਾਲ। ਤੁਸੀਂ ਉਨ੍ਹਾਂ ਵਿੱਚੋਂ ਨਹੀਂ ਹੋ। ਨਹੀਂ, ਤੁਸੀਂ ਨਹੀਂ ਹੋ। ਉਹ ਸੰਪਰਦਾਇਕ ਲੋਕ ਹਨ, ਜੋ ਸਭ ਠੀਕ ਹੈ, ਉਨ੍ਹਾਂ ਦੇ ਵਿਰੁੱਧ ਕੁਝ

ਨਹੀਂ ਹੈ। ਉਨ੍ਹਾਂ ਵਿੱਚ ਬਹੁਤ ਸਾਰੇ ਚੰਗੇ ਮਸੀਹੀ ਹਨ, ਪਰ ਤੁਹਾਨੂੰ ਆਪਣੇ ਆਪ ਨੂੰ ਉਸ ਅਵਿਸ਼ਵਾਸੀ ਸਮੂਹਾਂ ਵਿੱਚ ਸ਼ਾਮਲ ਨਹੀਂ ਕਰਨਾ ਚਾਹੀਦਾ। "ਉਹ ਲੋਕ ਜੋ ਇਸਦੀ ਸ਼ਕਤੀ ਤੋਂ ਇਨਕਾਰ ਕਰਦੇ ਹਨ," ਤੁਹਾਨੂੰ ਉਨ੍ਹਾਂ ਦਾ ਪੱਖ ਨਹੀਂ ਲੈਣਾ ਚਾਹੀਦਾ।

106 ਤੁਸੀਂ ਜਾਣਦੇ ਹੋ, ਇਸਦੀ ਸਮੱਸਿਆ ਇਹ ਹੈ ਕਿ ਤੁਸੀਂ ਕਲੀਸਿਯਾ ਵਿੱਚ ਹਾਲੀਵੁੱਡ ਨੂੰ ਵਾੜਨ ਦੀ ਕੋਸ਼ਿਸ਼ ਕਰ ਰਹੇ ਹੋ। ਉਹ ਚੀਜ਼ ਜੋ ਤੁਹਾਨੂੰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਉਹ ਹੈ ਹਾਲੀਵੁੱਡ ਨੂੰ ਕਲੀਸਿਯਾ ਵਿੱਚੋਂ ਬਾਹਰ ਕੱਢਣਾ। ਸਮਝੇ? ਤੁਸੀਂ ਆਪਣੀ ਇਮਾਰਤ ਨੂੰ ਇੰਨਾ ਸੁੰਦਰ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹੋ, ਤੁਸੀਂ ਆਪਣੇ ਨਾਮਧਾਰੀ ਕਲੀਸਿਯਾ ਨੂੰ ਇੰਨਾ ਵੱਡਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹੋ, ਜਦੋਂ ਤੱਕ ਇਹ ਲੋਕਾਂ ਦਾ ਧਿਆਨ ਆਪਣੇ ਵੱਲ ਨਹੀਂ ਖਿੱਚਦੀ। ਅਸੀਂ ਉਨ੍ਹਾਂ ਦੇ ਪਾਸੇ ਨਹੀਂ ਜਾ ਸਕਦੇ। ਸਾਨੂੰ ਉਨ੍ਹਾਂ ਨੂੰ ਆਪਣੇ ਪਾਸੇ ਲਿਆਉਣਾ ਚਾਹੀਦਾ ਹੈ। ਹਰ ਚੀਜ਼ ਚਮਕਦਾਰ, ਯਾਦ ਰੱਖੋ, ਹਾਲੀਵੁੱਡ ਸੰਸਾਰਕਤਾ ਨਾਲ ਚਮਕਦਾ ਹੈ, ਜਦਕਿ ਇੰਜੀਲ ਨਿਮਰਤਾ ਦੇ ਨੂਰ ਵਿੱਚ ਹੈ। ਚਮਕਣ ਅਤੇ ਨੂਰ ਵਿੱਚ ਕਾਫ਼ੀ ਅੰਤਰ ਹੈ। ਇੰਜੀਲ ਨਿਮਰਤਾ ਦੇ ਨੂਰ ਵਿੱਚ ਹੈ, ਅਤੇ ਹਲੀਮੀ, ਦੀਨਤਾ ਅਤੇ ਸ਼ਕਤੀ। ਜਦਕਿ, ਹਾਲੀਵੁੱਡ ਚਮਕਦਾ ਹੈ, ਅਤੇ ਹਰ ਕੋਈ ਹੁੱਲੜਬਾਜ਼ੀ ਕਰ ਰਿਹਾ ਹੈ ਅਤੇ ਚੰਘਿਆੜਾਂ ਮਾਰ ਰਿਹਾ ਹੈ, ਅਤੇ ਇਸ ਵੱਲ ਜਾ ਰਿਹਾ ਹੈ। ਸਮਝੇ? ਸਾਨੂੰ ਇਸਦੀ ਲੋੜ ਨਹੀਂ ਹੈ।

107 ਅਸੀਂ ਅਜਿਹੀ ਰੋਸ਼ਨੀ ਵਿਚ ਜਿਊਣਾ ਚਾਹੁੰਦੇ ਹਾਂ। ਉਸ ਨੇ ਕਿਹਾ, "ਤੁਸੀਂ ਧਰਤੀ ਦੇ ਲੂਣ ਹੋ।" "ਜੇ ਲੂਣ ਆਪਣਾ ਸੁਆਦ ਗੁਆ ਦਵੇ," ਇਹੀ ਇੰਜੀਲ ਵਿੱਚ ਇਸਦੀ ਤਾਕਤ ਹੈ। ਸਾਡੇ ਕੋਲ ਸਾਡੀਆਂ ਕਲੀਸਿਯਾ ਵਿੱਚ ਕੁਝ ਹਰਕਤ ਵਿੱਚ ਹੋਣਾ ਚਾਹੀਦਾ ਹੈ, ਕਿ ਮੈਥੋਡਿਸਟ, ਬੈਪਟਿਸਟ, ਪ੍ਰੈਸਬੀਟੇਰੀਅਨ, ਅਤੇ ਉਹ ਸਾਰੇ, ਆਉਣ ਦੀ ਇੱਛਾ ਰੱਖਣ। ਸਾਨੂੰ ਇੰਨੇ ਨਮਕੀਨ ਹੋਣਾ ਚਾਹੀਦਾ ਹੈ! ਲੂਣ ਪਿਆਸ ਬਣਾਉਂਦਾ ਹੈ, ਪਿਆਸ ਪੈਦਾ ਕਰਦਾ ਹੈ। ਲੂਣ ਸੁਆਦ ਹੈ, ਜੇਕਰ ਇਹ ਸੰਪਰਕ ਕਰਦਾ ਹੈ। ਇਸ ਨਾਲ ਸੰਪਰਕ ਕੀਤਾ ਜਾਣਾ ਚਾਹੀਦਾ ਹੈ।

108 ਅਤੇ ਸਾਨੂੰ ਪਤਾ ਚਲਦਾ ਹੈ, ਸਾਡੇ ਵੱਡੇ ਨਖਰੇਬਾਜ ਮੈਥੋਡਿਸਟ ਅਤੇ ਬੈਪਟਿਸਟ ਨਾਲ ਤੁਲਨਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਵੱਡੀਆਂ ਇਮਾਰਤਾਂ ਅਤੇ ਵੱਡੀਆਂ ਥਾਵਾਂ ਨਾਲ, ਅਤੇ ਚੰਗੇ ਪੜ੍ਹੇ ਲਿਖੇ ਲੋਕਾਂ ਨਾਲ, ਅਤੇ ਵੱਡੇ ਸਕੂਲ ਅਤੇ ਵੱਡੇ ਕਾਲਜ, ਅਤੇ ਅਜਿਹਾ ਸਭ ਕੁਝ। ਅਸੀਂ ਇੱਕ ਨੱਖਰੇ ਵਿੱਚ ਚਲੇ ਗਏ ਹਾਂ, ਅਤੇ ਇੱਥੇ ਹੀ ਸੰਕਟ ਆ ਜਾਂਦਾ ਹੈ।

109 ਅਤੇ ਆਤਮਕ ਮਨ ਆਲੇ ਦੁਆਲੇ ਵੇਖਦਾ ਹੈ ਅਤੇ ਕਹਿੰਦਾ ਹੈ, "ਇੱਥੇ, ਇੱਥੇ ਇੱਕ ਮਿੰਟ ਇੰਤਜ਼ਾਰ ਕਰੋ, ਕੀ ਸਾਨੂੰ ਸਾਰਿਆਂ ਨੂੰ ਉਸ ਵਿਸ਼ਵਵਿਆਪੀ ਸਮਿਤੀ ਵਿੱਚ ਜਾਣਾ ਪਏਗਾ? ਕੀ ਸਾਡਾ ਸਾਰਾ ਸਮੂਹ ਇਸ ਵਿੱਚ ਜਾਵੇਗਾ?" ਯਕੀਨਨ, ਤੁਸੀਂ ਜਾ ਰਹੇ ਹੋ। ਬਿਲਕੁਲ ਇਹੀ ਹੋਵੇਗਾ। ਤੁਸੀਂ ਵੇਖਣਾ ਅਤੇ ਦੇਖੋ ਕਿ ਕੀ ਤੁਸੀਂ ਨਹੀਂ ਜਾਂਦੇ। ਬਾਈਬਲ ਨੇ ਕਿਹਾ ਕਿ ਤੁਸੀਂ ਜਾਓਗੇ, ਬਿਲਕੁਲ, ਅਤੇ ਮਸੀਹ ਬਾਹਰ ਹੋਵੇਗਾ। ਚੰਦਰਮਾ ਨੇ ਪੋਪ (ਪਹਿਲਾ ਜੋ ਕਦੇ ਰੋਮ ਗਿਆ) ਦੇ ਸਾਹਮਣੇ ਆਪਣੇ ਆਪ ਨੂੰ ਕਾਲਾ ਕਰ ਲਿਆ, ਉਸ ਰਾਤ, ਤੁਹਾਨੂੰ ਆਕਾਸ਼ ਵਿੱਚ ਇੱਕ ਨਿਸ਼ਾਨ ਦਿਖਾ ਰਿਹਾ ਹੈ। ਅਚਾਨਕ, ਇਸ ਨੇ ਇਸ ਨੂੰ ਦਿਖਾਇਆ। ਅੱਜ ਦੇ ਦਿਨ ਵਿੱਚ ਪ੍ਰਭੂ ਕਿਵੇਂ ਕੰਮ ਕਰ ਰਿਹਾ ਹੈ, ਸ਼ਾਨਦਾਰ!

110 ਫਿਰ ਹਨੇਰੇ ਦੀ ਇਸ ਵੱਡੀ ਘੜੀ ਵਿੱਚ, ਜਦੋਂ ਉਹ ਉੱਥੇ ਸਨ, ਹਵਾਵਾਂ ਆ ਗਈਆਂ। ਬਚਣ ਦੀਆਂ ਸਾਰੀਆਂ ਉਮੀਦਾਂ ਖਤਮ ਹੋ ਗਈਆਂ ਸਨ। ਹੁਣ ਤੁਸੀਂ ਕੀ ਕਰਨ ਜਾ ਰਹੇ ਹੋ ਜੇਕਰ ਤੁਹਾਡੀ ਨਾਮਧਾਰੀ ਕਲੀਸਿਯਾ ਵਿਸ਼ਵਵਿਆਪੀ ਸਮਿਤੀ ਵਿੱਚ ਚਲੀ ਜਾਂਦੀ ਹੈ? ਫਿਰ ਸਾਡੀਆਂ ਸਾਰੀਆਂ ਮਹਾਨ ਚੀਜ਼ਾਂ ਦਾ ਕੀ ਹੋਣ ਵਾਲਾ ਹੈ ਜੋ ਅਸੀਂ ਇੱਥੇ ਧਰਤੀ ਤੇ ਬਣਾਈਆਂ ਹਨ, ਆਖਰੀ ਉਮੀਦ ਖਤਮ ਹੋ ਗਈ ਹੈ?

111 ਪਰ ਤੁਸੀਂ ਜਾਣਦੇ ਹੋ, ਜਿਵੇਂ ਕਿ ਉਹ ਰੌਲਾ ਪਾਉਣ ਹੀ ਵਾਲੇ ਸਨ, ਅਤੇ ਸਾਰੀਆਂ ਉਮੀਦਾਂ ਖਤਮ ਹੋ ਗਈਆਂ ਸਨ, ਉਹਨਾਂ ਨੂੰ ਬਚਾਇਆ ਨਹੀਂ ਜਾ ਸਕਦਾ ਸੀ; ਅਤੇ ਅਚਾਨਕ, ਉਨ੍ਹਾਂ ਨੇ ਉਸਨੂੰ ਆਉਂਦੇ ਹੋਏ ਵੇਖਿਆ, ਪਾਣੀ ਤੇ ਤੁਰਦਿਆਂ ਹੋਇਆਂ। ਹਨੇਰੇ ਦੀ ਘੜੀ ਵਿੱਚ, ਉਹ ਆਇਆ, ਅੰਦਰ ਚਲਿਆ ਆਉਂਦਾ ਸੀ।

112 ਕੀ ਤੁਹਾਨੂੰ ਪਤਾ ਹੈ? ਜਦੋਂ ਉਹ ਉਨ੍ਹਾਂ ਤੋਂ ਜੁਦਾ ਹੋਇਆ ਸੀ, ਉਸਨੂੰ ਪਤਾ ਸੀ ਕਿ ਇਹ ਹੋਣ ਵਾਲਾ ਹੈ, ਇਸ ਲਈ ਉਹ ਧਰਤੀ ਦੀ ਸਭ ਤੋਂ ਉੱਚੀ ਪਹਾੜੀ ਉੱਤੇ ਚੜ੍ਹ ਗਿਆ। ਤੁਸੀਂ ਜਿੰਨਾ ਉੱਪਰ ਜਾਂਦੇ ਹੋ, ਓਨਾ ਹੀ ਦੂਰ ਤੁਸੀਂ ਵੇਖ ਸਕਦੇ ਹੋ। ਅਤੇ ਉਹ ਉੱਪਰ ਚੜ੍ਹਿਆ ਤਾਂ ਜੋ ਉਹ ਉਨ੍ਹਾਂ ਨੂੰ ਦੇਖ ਸਕੇ, ਤੁਸੀਂ ਜਾਣਦੇ ਹੋ।

113 ਅਤੇ ਉਹ ਜਾਣਦਾ ਸੀ ਕਿ ਇਹ ਹੋਣ ਵਾਲਾ ਸੀ। ਉਸ ਨੇ ਇਸ ਦਿਨ ਦੇ ਆਉਣ ਦੀ ਭਵਿੱਖਬਾਣੀ ਕੀਤੀ ਸੀ। "ਜਿਵੇਂ ਸਦੂਮ ਦੇ ਦਿਨਾਂ ਵਿੱਚ ਸੀ, ਮਨੁੱਖ ਦੇ ਪੁੱਤਰ ਦੇ ਆਉਣ ਵੇਲੇ ਵੀ ਅਜਿਹਾ ਹੀ ਹੋਵੇਗਾ, ਜਦੋਂ ਮਨੁੱਖ ਦਾ ਪੁੱਤਰ ਪ੍ਰਗਟ ਕੀਤਾ ਜਾ ਰਿਹਾ ਹੋਵੇਗਾ।" ਫਿਰ, ਪੁੱਤਰ ਨੂੰ ਪ੍ਰਗਟ ਕੀਤਾ ਜਾਣਾ ਚਾਹੀਦਾ ਹੈ। ਇਹ ਦੁਸ਼ਟ ਅਤੇ ਹਰਾਮਕਾਰ ਪੀੜ੍ਹੀ ਨਿਸ਼ਾਨ ਭਾਲਦੀ

ਹੈ। ਇਸ ਨੂੰ ਇੱਕ ਨਿਸ਼ਾਨ ਮਿਲੇਗਾ। ਇਹ ਇਸ ਨੂੰ ਰੱਦ ਦੇਵੇਗੀ ਜਿਵੇਂ ਉਨ੍ਹਾਂ ਨੇ ਉਦੋਂ ਕੀਤਾ ਸੀ, ਪਰ ਇਹ ਪੁਨਰਉਥਾਨ ਦੀ ਨਿਸ਼ਾਨੀ ਹੋਵੇਗੀ। ਉਹ ਅਜੇ ਵੀ ਜਿਉਂਦਾ ਹੈ, ਉਸੇ ਤਰਾਂ ਕੰਮ ਕਰ ਰਿਹਾ ਹੈ ਜਿਵੇਂ ਉਸ ਨੇ ਉਦੋਂ ਕੀਤੇ ਸਨ।

114 ਸਾਨੂੰ ਪਤਾ ਲੱਗਾ, ਇਸ ਮਹਾਨ ਘੜੀ ਵਿੱਚ, ਉਹ ਸਾਰੇ ਚੇਲੇ ਸੰਕਟ ਵਿੱਚ ਸਨ, ਉਹ ਉੱਪਰ ਚੜ੍ਹਿਆ ਤਾਂ ਜੋ ਉਹ ਉਨ੍ਹਾਂ ਨੂੰ ਦੇਖ ਸਕੇ। ਉਹ ਉੱਥੇ ਇੱਕ ਪਹਾੜੀ ਉੱਤੇ ਬੈਠਾ ਉਨ੍ਹਾਂ ਨੂੰ ਦੇਖ ਰਿਹਾ ਸੀ।

115 ਅਤੇ ਹੁਣ ਉਹ ਇਸ ਵਾਰ ਪਹਾੜ ਤੇ ਨਹੀਂ ਚੜ੍ਹਿਆ, ਪਰ ਉਹ ਕਬਰ ਤੋਂ ਚੜ੍ਹਿਆ, ਹਵਾ ਰਾਹੀਂ ਚੜ੍ਹਿਆ, ਚੰਦਰਮਾ, ਤਾਰਿਆਂ ਤੋਂ ਪਰੇ, ਇੱਥੋਂ ਤੱਕ ਉਹ ਇੰਨਾ ਉੱਚਾ ਚਲਾ ਗਿਆ ਕਿ ਉਸਨੂੰ ਸਵਰਗ ਨੂੰ ਵੇਖਣ ਲਈ ਵੀ ਹੇਠਾਂ ਵੇਖਣਾ ਪੈਂਦਾ ਹੈ। ਅਤੇ ਉੱਥੇ ਉਹ ਬੈਠਦਾ ਹੈ, ਉੱਚੀ ਥਾਂ ਤੇ। ਹੁਣ ਉਸਦੀ ਅੱਖ ਚਿੜੀ ਤੇ ਹੈ, ਅਤੇ ਮੈਂ ਜਾਣਦਾ ਹਾਂ ਕਿ ਉਹ ਸਾਨੂੰ ਦੇਖ ਰਿਹਾ ਹੈ। ਉਹ ਦੇਖ ਰਿਹਾ ਹੈ।

116 ਅਤੇ ਇੱਥੇ ਹਨੇਰੇ ਦੀ ਇਸ ਘੜੀ ਵਿੱਚ, ਜਦੋਂ ਸਾਰੀਆਂ ਕਲੀਸਿਯਾਂ ਮਹਾਨ ਪ੍ਰੋਗਰਾਮਾਂ ਵਿੱਚ ਚਲੀਆਂ ਗਈਆਂ ਹਨ, ਅਤੇ ਉਹਨਾਂ ਕੋਲ *ਇਹ* ਪ੍ਰੋਗਰਾਮ ਅਤੇ *ਉਹ* ਪ੍ਰੋਗਰਾਮ ਹਨ, ਸਭ ਯੋਜਨਾ ਬੱਧ ਕੀਤੀਆਂ ਗਈਆਂ ਹਨ ਜਿਵੇਂ ਬਾਕੀ ਕਲੀਸਿਯਾਂ, ਸੰਪਰਦਾਵਾਂ ਹਨ। ਅਤੇ ਕੀ ਹੋਇਆ ਹੈ? ਹਨੇਰੇ ਦੀ ਘੜੀ ਵਿਚ, ਜਦੋਂ ਅਸਲ ਆਤਮਕ-ਭਰਪੂਰ ਲੋਕ ਹੈਰਾਨ ਹੁੰਦੇ ਹਨ, "ਕੀ ਹੋਣ ਜਾ ਰਿਹਾ ਹੈ? ਮੇਰੇ ਬੱਚਿਆਂ ਵੱਲ ਦੇਖੋ!" ਆਦਮੀ ਕਹਿੰਦਾ ਹੈ, "ਮੇਰੀ ਪਤਨੀ ਨੂੰ ਦੇਖੋ! *ਇਸ* ਨੂੰ ਦੇਖੋ!"

117 ਅਤੇ ਉਹ ਐਤਵਾਰ, ਜਾਂ ਬੁੱਧਵਾਰ ਰਾਤ ਦੀ ਪ੍ਰਾਰਥਨਾ ਸਭਾ, ਜਲਦੀ ਖਤਮ ਕਰ ਦਿੰਦੇ ਹਨ, ਤਾਂ ਜੋ ਉਹ ਟੈਲੀਵਿਜ਼ਨ ਤੇ *ਵੀ ਲਵ ਸੂਸੀ*, ਜਾਂ ਇਸ ਤਰ੍ਹਾਂ ਦੀ, ਕੋਈ ਚੀਜ਼ ਦੇਖ ਸਕਣ। "ਪਰਮੇਸ਼ੁਰ ਦੇ ਪ੍ਰੇਮ ਤੋਂ ਜਿਆਦਾ, ਸੰਸਾਰ ਦੇ ਪ੍ਰੇਮੀ।" ਉਨ੍ਹਾਂ ਵਾਂਗ ਕੰਮ ਕਰਦੇ ਹਨ।

118 ਮੈਂ ਇੱਕ ਦਿਨ ਇੱਕ ਔਰਤ ਨੂੰ ਕਿਹਾ, ਉਸਨੇ ਆਪਣੇ ਪਹਿਰਾਵੇ ਵਿੱਚ ਬਹੁਤ ਤੰਗ ਕੱਪੜੇ ਪਾਏ ਹੋਏ ਸਨ। ਮੈਂ ਕਿਹਾ, "ਭੈਣ, ਉਹ ਪਹਿਰਾਵਾ ਬਹੁਤ ਤੰਗ ਹੈ। ਤੁਹਾਨੂੰ ਇਹ ਦੱਸਣਾ ਮੇਰੇ ਲਈ ਚੰਗਾ ਨਹੀਂ ਲੱਗਦਾ, ਪਰ ਇਹੀ ਗੱਲ ਹੈ। ਤੁਸੀਂ ਇੱਕ ਮਸੀਹੀ ਹੋ, ਅਤੇ ਤੁਸੀਂ ਇੱਕ ਠੋਕਰ ਦਾ ਕਾਰਣ ਬਣੋਗੇ।"

119 ਉਸ ਨੇ ਕਿਹਾ, "ਖੈਰ, ਭਾਈ ਬ੍ਰਨਹਾਮ, ਤੁਸੀਂ ਜਾਣਦੇ ਹੋ?" ਉਸ ਨੇ ਕਿਹਾ, "ਉਹ ਇਸੇ ਹੀ ਤਰ੍ਹਾਂ ਦੇ ਪਹਿਰਾਵੇ ਬਣਾਉਂਦੇ ਹਨ।"

120 ਮੈਂ ਕਿਹਾ, "ਉਹ ਅਜੇ ਵੀ ਸਾਮਾਨ ਵੇਚਦੇ ਹਨ, ਅਤੇ ਉਨ੍ਹਾਂ ਕੋਲ ਸਿਲਾਈ ਮਸ਼ੀਨਾਂ ਹਨ। ਕੋਈ ਬਹਾਨਾ ਨਹੀਂ ਹੈ।" ਹਾਂ।

121 ਸੁਣੋ, ਮੈਂ ਤੁਹਾਨੂੰ ਕੁਝ ਦੱਸਾਂ, ਮੇਰੇ ਪਿਆਰੇ ਮਿੱਤਰ। ਤੁਹਾਨੂੰ ਨਿਸ਼ਾਨਾ ਨਹੀਂ ਬਣਾ ਰਿਹਾ ਹਾਂ। ਨਹੀਂ, ਸ਼੍ਰੀ ਮਾਨ। ਮੈਂ ਤੁਹਾਨੂੰ ਕਲੇਸ਼ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਜਿੰਨਾ ਚਿਰ ਉਹ ਆਤਮਾ ਤੁਹਾਡੇ ਵਿੱਚ ਹੈ, ਤੁਸੀਂ ਇਹ ਕਰਨ ਜਾ ਰਹੇ ਹੋ। ਇਹ ਠੀਕ ਹੈ। ਤੁਹਾਨੂੰ ਇਸ ਵਿੱਚੋਂ ਬਾਹਰ ਜਨਮ ਲੈਣਾ ਪੈਣਾ ਹੈ। ਹੁਣ ਤੁਸੀਂ ਉਸ ਟਿੱਪਣੀ ਤੇ ਜੋ ਚਾਹੋ ਕਰ ਸਕਦੇ ਹੋ, ਪਰ ਮੈਂ ਤੁਹਾਨੂੰ ਕੁਝ ਦੱਸਦਾ ਹਾਂ, ਦੇਖੋ, "ਕਿਉਂਕਿ ਜਿੱਥੇ ਤੇਰਾ ਧਨ ਹੈ, ਉੱਥੇ ਤੇਰਾ ਮਨ ਵੀ ਹੋਵੇਗਾ।"

122 ਮੈਂ ਤੁਹਾਨੂੰ ਦੱਸਦਾ ਹਾਂ। ਤੁਸੀਂ ਆਪਣੇ ਪਤੀ ਲਈ ਕੁਮੁਦਨੀ ਵਾਂਗ ਪਵਿੱਤਰ ਹੋ ਸਕਦੀਆਂ ਹੋ, ਅਤੇ ਹੋ ਸਕਦਾ ਹੈ ਕਿ ਤੁਸੀਂ ਇੱਕ ਕੁਮੁਦਨੀ ਵਾਂਗ ਪਵਿੱਤਰ, ਮੁਟਿਆਰ ਹੋਵੋ, ਆਪਣੇ ਲੜਕੇ ਦੇ ਦੋਸਤ ਲਈ, ਪਰ ਕਿਸੇ ਦਿਨ ਪਰਮੇਸ਼ੁਰ ਤੁਹਾਡੇ ਤੋਂ ਵਿਭਚਾਰ ਕਰਨ ਲਈ ਜਵਾਬ ਮੰਗੇਗਾ। ਜਦੋਂ ਤੁਸੀਂ ਅਜਿਹਾ ਪਹਿਰਾਵਾ ਪਾਉਂਦੀਆਂ ਹੋ ਤਾਂ ਤੁਸੀਂ ਦੋਸ਼ੀ ਹੋ। ਯਿਸੂ ਨੇ ਕਿਹਾ, "ਜੋ ਕੋਈ ਤੀਵੀਂ ਨੂੰ ਬੁਰੀ ਇੱਛਿਆ ਕਰ ਕੇ ਵੇਖਦਾ ਹੈ, ਸੋ ਤਦੋਂ ਹੀ ਆਪਣੇ ਮਨੋਂ ਉਹ ਦੇ ਨਾਲ ਜ਼ਨਾਹ ਕਰ ਚੁੱਕਿਆ।" ਅਤੇ ਜਦੋਂ ਉਸ ਆਦਮੀ ਨੇ ਜਵਾਬ ਦੇਣਾ ਪਏਗਾ, ਉਸ ਪਾਪੀ ਨੂੰ, ਤੁਹਾਡੇ ਵੱਲ ਦੇਖ ਕੇ, ਵਿਭਚਾਰ ਕਰਨ ਲਈ, ਉਸਦੇ ਲਈ ਇਹ ਕਿਸਨੇ ਪੇਸ਼ ਕੀਤਾ? ਇਸ ਬਾਰੇ ਸੋਚੋ। ਹੇ ਪੰਤੇਕੋਸਟਲ ਔਰਤੋ, ਸ਼ਰਮ ਕਰੋ! ਦੇਖੋ? ਤੁਹਾਨੂੰ ਸ਼ਰਮ ਆਣੀ ਚਾਹੀਦੀ ਹੈ!

123 ਮੈਂ ਤੁਹਾਨੂੰ ਪਿਆਰ ਕਰਦਾ ਹਾਂ, ਇਹੀ ਕਾਰਨ ਹੈ ਕਿ ਮੈਂ ਇਹ ਕਹਿ ਰਿਹਾ ਹਾਂ। ਪਿਆਰ ਸੁਧਾਰਾਤਮਕ ਹੈ।

124 ਅਸੀਂ ਇੱਕ ਵੱਡੇ ਨੱਖਰੇ ਵਿੱਚ ਹਾਂ, ਇੱਕ ਵਧੀਆ ਪਹਿਰਾਵੇ ਦਾ ਨੱਖਰਾ। ਇਹ ਬਿਲਕੁਲ ਇਸ ਤਰ੍ਹਾਂ ਹੈ, ਅਤੇ ਸੰਸਾਰ ਦੀਆਂ ਪੈੜਾਂ ਤੇ ਹੈ। ਉਸ ਨੇ ਕਿਹਾ, "ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ ਵਸਤਾਂ ਨਾਲ ਜੋ ਸੰਸਾਰ ਵਿੱਚ ਹਨ; ਜੇ ਤੁਸੀਂ ਸੰਸਾਰ ਨਾਲ ਮੋਹ ਰੱਖਦੇ ਹੋਵੇ ਤਾਂ ਤੁਹਾਡੇ ਵਿੱਚ ਪਿਤਾ ਦਾ ਪ੍ਰੇਮ ਹੈ ਹੀ ਨਹੀਂ," ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਤੁਸੀਂ ਕਿੰਨੀਆਂ ਜ਼ੁਬਾਨਾਂ ਵਿੱਚ ਬੋਲਦੇ ਹੋ, ਉੱਪਰ ਅਤੇ ਹੇਠਾਂ ਛਾਲਾਂ ਮਾਰਦੇ ਹੋ, ਨੱਚਦੇ ਹੋ, ਵਾਲ ਕੱਟਦੇ ਹੋ, ਇਸ ਤਰ੍ਹਾਂ ਦੇ ਕੱਪੜੇ ਪਹਿਨਦੇ ਹੋ। ਤੁਸੀਂ ਆਦਮੀ ਇਸ ਦੀ ਇਜਾਜ਼ਤ ਦਿੰਦੇ ਹੋ। ਤੁਹਾਡੇ ਆਪਣੇ ਫਲ ਤੁਹਾਨੂੰ ਦੱਸਦੇ ਹਨ ਕਿ ਤੁਸੀਂ ਕਿੱਥੇ ਹੋ। ਇਹ ਬਿਲਕੁਲ ਸਹੀ ਹੈ। ਕੋਈ ਹੈਰਾਨੀ ਨਹੀਂ ਕਿ ਅਸੀਂ ਅਜਿਹੀ ਅਫਰਾਤਫਰੀ ਵਿੱਚ ਹਾਂ, ਅਤੇ ਸਾਮਵਾਦ ਦੀਆਂ ਹਵਾਵਾਂ, ਚਰਚਵਾਦ ਦੀਆਂ ਹਵਾਵਾਂ, ਵਿਸ਼ਵਵਿਆਪੀ ਸੰਗਠਨ ਦੀਆਂ ਹਵਾਵਾਂ!

125 ਇਹ ਇੱਕ—ਇਹ ਇੱਕ ਜੁੜਨ ਦਾ ਸਮਾਂ ਹੈ, ਇੱਕ ਏਕਤਾ ਦਾ ਸਮਾਂ ਹੈ। ਸੰਘ ਮਜ਼ਦੂਰਾਂ ਨੂੰ ਇਕਜੁੱਟ ਕਰ ਰਹੇ ਹਨ, ਇਸ ਬਾਰੇ ਹੰਗਾਮਾ ਕਰ ਰਹੇ ਹਨ। ਦੇਸ਼ਾਂ ਕੋਲ ਸੰਯੁਕਤ ਰਾਸ਼ਟਰ ਹੈ, ਉਹ ਇਕਜੁੱਟ ਹੋ ਰਹੇ ਹਨ। ਗਿਰਜੇ ਇਕੱਠੇ ਹੋ ਰਹੇ ਹਨ। ਇਹ ਸਭ ਕੀ ਦਿਖਾ ਰਿਹਾ ਹੈ? ਇਹ ਦਿਖਾ ਰਿਹਾ ਹੈ ਕਿ ਮਸੀਹ ਅਤੇ ਲਾੜੀ ਇਕਜੁੱਟ ਹੋਣ ਲਈ ਤਿਆਰੀ ਕਰ ਰਹੇ ਹਨ। ਇਹ ਉਹੀ ਹੈ ਜਿਸ ਬਾਰੇ ਇਹ ਗੱਲ ਕਰ ਰਿਹਾ ਹੈ। ਇਹ ਸਾਰੀਆਂ ਚੀਜ਼ਾਂ ਦੇ ਪਰਛਾਵੇਂ ਸਕਾਰਾਤਮਕ ਚੀਜਾਂ ਦੀ ਆਮਦ ਬਾਰੇ ਦਸ ਰਹੇ ਹਨ। ਹੁਣ ਧਿਆਨ ਦਿਓ ਜੱਦ ਅਸੀਂ ਬੰਦ ਕਰਦੇ ਹਾਂ, ਕਿਉਂਕਿ ਮੈਨੂੰ ਬਹੁਤ ਦੇਰ ਹੋ ਰਹੀ ਹੈ।

126 ਅਤੇ ਹੁਣ ਧਿਆਨ ਦਿਓ, ਉਸ ਮਹਾਨ ਸਮੇਂ ਵਿੱਚ ਜਦੋਂ ਬਚਣ ਦੀ ਸਾਰੀ ਉਮੀਦ ਖਤਮ ਹੋ ਗਈ ਸੀ, ਉਨ੍ਹਾਂ ਨੇ ਕਿਸੇ ਨੂੰ ਆਉਂਦਿਆਂ ਵੇਖਿਆ, ਪਾਣੀ ਤੇ ਤੁਰਦਿਆਂ, ਉੱਪਰ ਤੁਰਦਿਆਂ ਦੇਖਿਆ। ਅਤੇ ਗੱਲ ਦਾ, ਉਦਾਸ ਹਿੱਸਾ, ਧਿਆਨ ਨਾਲ ਸੁਣੋ, ਸਿਰਫ ਇਕੋ ਚੀਜ਼ ਜੋ ਉਨ੍ਹਾਂ ਦੀ ਮਦਦ ਕਰ ਸਕਦੀ ਸੀ, ਉਹ ਉਸ ਤੋਂ ਡਰ ਰਹੇ ਸਨ। ਓਹਨਾਂ ਨੇ ਕਿਹਾ, "ਇਹ ਭੂਤ ਦਿਖਾਈ ਦਿੰਦਾ ਹੈ। ਇਹ ਹੋ ਸਕਦਾ ਹੈ, ਤੁਸੀਂ ਜਾਣਦੇ ਹੋ, ਇੱਕ ਭੂਤ।"

127 ਕੀ ਇਹ ਦੁਬਾਰਾ ਨਹੀਂ ਹੋਇਆ ਹੈ! ਉਹ ਇਸ ਤੋਂ ਡਰਦੇ ਹਨ। ਉਹ ਜੋਤਿਸ਼ਵਿੱਦਿਆ ਤੋਂ ਡਰਦੇ ਹਨ, ਉਹ ਕਿਸੇ ਕਿਸਮ ਦੀ ਸ਼ੈਤਾਨੀ ਸ਼ਕਤੀ ਤੋਂ ਡਰਦੇ ਹਨ; ਜਦੋਂ ਯਿਸੂ ਨੇ ਕਿਹਾ ਕਿ ਇਹ ਇਸ ਦਿਨ ਵਿੱਚ ਹੋਵੇਗਾ। ਸਿਰਫ਼ ਇੱਕੋ ਚੀਜ਼ ਜੋ ਉਨ੍ਹਾਂ ਦੀ ਮਦਦ ਕਰ ਸਕਦੀ ਹੈ ਉਹ ਯਿਸੂ ਮਸੀਹ ਹੈ। ਕੋਈ ਹੋਰ ਫਿਰਕਾਪ੍ਰਸ਼ਤ ਕਲੀਸਿਯਾ ਨਹੀਂ, ਉਹਨਾਂ ਸਾਰੀਆਂ ਦਾ ਇਕੱਠੇ ਜੁੜਨਾ ਨਹੀਂ; ਇਹ ਇਸ ਨੂੰ ਪਹਿਲਾਂ ਨਾਲੋਂ ਵੀ ਬਦਤਰ ਬਣਾਉਣ ਜਾ ਰਿਹਾ ਹੈ। ਸਿਰਫ਼ ਇੱਕੋ ਚੀਜ਼ ਜੋ ਤੁਹਾਡੀ ਮਦਦ ਕਰ ਸਕਦੀ ਹੈ ਉਹ ਯਿਸੂ ਮਸੀਹ ਹੈ।

128 ਅਤੇ ਜਦੋਂ ਉਸਨੇ ਆਖਰੀ ਦਿਨਾਂ ਵਿੱਚ, ਇਸ ਰੂਪ ਵਿੱਚ ਵਾਪਸ ਆਉਣ ਦਾ ਵਾਅਦਾ ਕੀਤਾ, ਅਤੇ ਇਹ ਕਰਨ ਦਾ, (ਜਿਵੇਂ ਕਿ ਵਾਅਦਾ ਕੀਤਾ ਹੋਇਆ ਪੁੱਤਰ ਅਬਰਾਹਾਮ ਕੋਲ ਵਾਪਸ ਆਉਣ ਤੋਂ ਪਹਿਲਾਂ, ਪਹਿਲੀ ਸੰਤਾਨ) ਅਬਰਾਹਾਮ ਦੇ ਸ਼ਾਹੀ ਵੰਸ਼ ਦਾ ਵਾਅਦਾ ਕੀਤਾ, ਯਿਸੂ ਕਰੇਗਾ...ਕਿਹਾ ਕਿ ਉਹੀ ਚੀਜ਼ ਦੇਖਣਗੇ। ਵਾਅਦਾ ਕੀਤੇ ਹੋਏ ਪੁੱਤਰ ਤੋਂ ਪਹਿਲਾਂ, ਪਰਮੇਸ਼ੁਰ ਆਪਣੇ ਆਪ ਨੂੰ ਦੇਹ ਵਿੱਚ ਪ੍ਰਗਟ ਕਰੇਗਾ ਅਤੇ ਉਹੀ ਕਰੇਗਾ ਜੋ ਯਿਸੂ ਨੇ ਕੀਤਾ ਸੀ, ਜਿਵੇਂ ਉਸਨੇ ਕਿਹਾ ਸੀ ਕਿ ਉਹ ਕਰੇਗਾ, ਜਿਵੇਂ ਕਿਹਾ ਗਿਆ ਸੀ ਕਿ ਆਖਰੀ ਦਿਨਾਂ ਵਿੱਚ ਕੀਤਾ ਜਾਵੇਗਾ। ਅਤੇ ਇੱਥੇ ਉਹ ਸਾਰੇ ਵਾਅਦੇ, ਅਸੀਂ ਉਹਨਾਂ ਨੂੰ ਦਰਜਨਾਂ ਦੇ ਹਿਸਾਬ ਨਾਲ, ਰੱਖ ਸਕਦੇ ਹਾਂ, ਬਿਲਕੁਲ ਇੱਥੇ ਤੁਹਾਡੇ ਸਾਹਮਣੇ, ਕਿ ਇਹ ਚੀਜਾਂ ਹੋਣੀਆਂ ਚਾਹੀਦੀਆਂ ਹਨ।

129 ਅਤੇ ਕਲੀਸਿਯਾਵਾਂ, ਜਿਨ੍ਹਾਂ ਨੂੰ ਇਸ ਨੂੰ ਸਵੀਕਾਰ ਕਰਨ ਲਈ, ਬਾਹਾਂ ਫੈਲਾਉਣੀਆਂ ਚਾਹੀਦੀਆਂ ਹਨ, "ਮੈਂ ਇਸ ਤੋਂ ਥੋੜਾ ਡਰਦਾ ਹਾਂ। ਇਹ ਸਾਡੇ ਸਮੂਹ ਨਾਲ ਸਬੰਧਤ ਨਹੀਂ ਹੈ, ਵੇਖੋ।" ਅਤੇ ਉਹ ਇਸ ਤੋਂ ਡਰਦੇ ਹਨ। ਇੱਕੋ ਚੀਜ਼ ਜੋ ਉਹਨਾਂ ਨੂੰ ਮਸੀਹ ਕੋਲ ਲਿਆ ਸਕਦੀ ਹੈ, ਉਹ ਹੈ ਮਸੀਹ ਖੁਦ, ਅਤੇ ਉਹ ਡਰਦੇ ਹਨ ਕਿ ਇਹ ਡਰਾਉਣਾ ਹੈ। "ਔਹ, ਮੈਨੂੰ ਨਹੀਂ ਪਤਾ। ਇਹ ਭੂਤ ਹੋ ਸਕਦਾ ਹੈ, ਤੁਸੀਂ ਸਮਝੋ। ਅਤੇ ਮੈਂ ਇਸ ਬਾਰੇ ਨਹੀਂ ਜਾਣਦਾ।" ਬੱਸ ਉਸੇ ਚੀਜ਼ ਤੋਂ ਡਰਦੇ ਹਨ ਜੋ ਉਹਨਾਂ ਦੀ ਮਦਦ ਕਰ ਸਕਦੀ ਹੈ।

130 ਅਤੇ ਸੰਕਟ ਦੀ ਉਸ ਹਨੇਰੀ ਘੜੀ ਵਿੱਚ, ਉਹ ਚੁਣੀ ਹੋਈ ਕਲੀਸਿਯਾ, ਉਹ ਸਮੂਹ ਉੱਥੇ ਬੈਠਾ ਹੈ, ਡਰਦੇ ਹੋਏ ਕਿ ਇਹ ਭੂਤ ਹੋ ਸਕਦਾ ਹੈ, ਉਹ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਰੱਖਣਾ ਚਾਹੁੰਦੇ। ਫਿਰ ਉਹ ਮਿੱਠੀ ਆਵਾਜ਼ ਆਈ, "ਨਾ ਡਰੋ। ਇਹ ਮੈਂ ਹਾਂ।"

131 ਉਹ ਵਚਨ ਹੈ, ਕੀ ਉਹ ਨਹੀਂ ਹੈ? ਉਹ ਕਦੇ ਨਹੀਂ ਬਦਲਦਾ, ਵਚਨ ਬਣਿਆ ਰਹਿੰਦਾ ਹੈ। ਹੁਣ ਕੀ ਤੁਸੀਂ ਵਚਨ ਨੂੰ ਇਹ ਕਹਿੰਦੇ ਨਹੀਂ ਸੁਣ ਸਕਦੇ, ਅੱਜ ਰਾਤ, "ਉਹ ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ ਹੈ। ਨਾ ਡਰੋ; ਇਹ ਮੈਂ ਹਾਂ"?

ਆਓ ਆਪਣੇ ਸਿਰਾਂ ਨੂੰ ਝੁਕਾਈਏ।

132 ਸਵਰਗੀ ਪਿਤਾ, ਸ਼ਾਮ ਗਰਮ ਹੈ। ਹਨੇਰੇ ਦੀ ਘੜੀ ਹੈ, ਅੱਗ ਜਗਵੇਦੀ ਨੂੰ ਕਿਵੇਂ ਛੱਡ ਚੁੱਕੀ ਹੈ। ਤੁਸੀਂ ਪੂਰੇ ਖੇਤ ਵਿੱਚੋਂ ਇਕੱਠਾ ਕਰ ਰਹੇ ਹੋ। ਤੁਸੀਂ ਕਿਹਾ, "ਸਵਰਗ ਦਾ ਰਾਜ ਉਸ ਆਦਮੀ ਵਰਗਾ ਹੈ ਜੋ ਜਾਲ ਲੈ ਕੇ ਸਮੁੰਦਰ ਵਿੱਚ ਗਿਆ, ਇਸ ਨੂੰ ਅੰਦਰ ਸੁੱਟਿਆ, ਅਤੇ ਜਦੋਂ ਉਸਨੇ ਇਸਨੂੰ ਬਾਹਰ ਖਿੱਚਿਆ। ਰਾਜ ਅਜਿਹਾ ਹੀ ਸੀ।" ਪ੍ਰਭੂ ਪਰਮੇਸ਼ੁਰ, ਕਿਸੇ ਦਿਨ ਉਹ ਆਖਰੀ ਮੱਛੀ ਜੋ ਉਸ ਪਾਣੀ ਵਿੱਚ ਹੈ! ਤੁਸੀਂ ਕਿਹਾ, "ਉਨ੍ਹਾਂ ਨੇ ਹਰ ਤਰ੍ਹਾਂ ਦੀਆਂ ਲੈ ਆਂਦੀਆਂ।" ਉਹ ਇੰਜੀਲ ਦਾ ਜਾਲ ਹਰ ਕਿਸਮ ਦੇ ਫੜਦਾ ਹੈ; ਇਸ ਨੇ ਕੱਛੂ, ਕੇਕੜੇ, ਮੱਕੜੀਆਂ, ਸੱਪ, ਮੁਰਦਾਖੋਰ ਮੱਛੀਆਂ ਫੜੀਆਂ। ਸਾਨੂੰ ਨਹੀਂ ਪਤਾ ਕਿ ਇਹ ਕੀ ਫੜਦਾ ਹੈ, ਪਰ ਉੱਥੇ ਕੁਝ ਮੱਛੀਆਂ ਸਨ ਜਿਨਾਂ ਨੂੰ ਤੁਸੀਂ ਫੜਨ ਚਾਹੁੰਦੇ ਸੀ। ਤੁਸੀਂ ਹੀ ਇੱਕ ਹੋ ਜੋ ਨਿਆਂਈ ਹੋ। ਪਰ ਅਸੀਂ ਮਹਿਸੂਸ ਕੀਤਾ, ਜਲਦੀ ਹੀ ਕੱਛੂਕੁੰਮੇ, ਕੇਕੜੇ, ਅਤੇ ਸਾਰੇ, ਮੁੜ ਕੇ ਚਿੱਕੜ ਵਿੱਚ ਚਲੇ ਜਾਣਗੇ, ਵਾਪਸ ਪਾਣੀਆਂ ਵੱਲ ਮੁੜ ਜਾਣਗੇ। ਪਰ ਕਿਸੇ ਦਿਨ ਉਹ ਆਖਰੀ ਮੱਛੀ ਜੋ ਠਹਿਰਾਈ ਗਈ ਸੀ, ਆਉਣ ਲਈ ਪਹਿਲਾਂ ਤੋਂ ਠਹਿਰਾਈ ਗਈ ਹੈ, ਦੇਹ ਦਾ ਉਹ ਆਖਰੀ ਹਿੱਸਾ, ਉਸ ਝੀਲ ਵਿੱਚੋਂ ਬਾਹਰ ਕੱਢ ਲਈ ਜਾਵੇਗੀ।

133 ਤੁਸੀਂ ਲੂਥਰ, ਅਤੇ ਵੈਜ਼ਲੀ, ਅਲੈਗਜ਼ੈਂਡਰ ਕੈਂਪਬੈਲ, ਜੌਨ ਸਮਿਥ, ਦੇ ਦਿਨਾਂ ਵਿੱਚ ਇੱਕ ਜਾਲ ਸੁੱਟਿਆ ਸੀ, ਕੈਲਵਿਨ, ਨੌਕਸ, ਫਿਨੀ, ਸਾਂਕੀ, ਇਸ ਤਰ੍ਹਾਂ ਹੋਰ; ਪੰਤੇਕੋਸਟਲ ਯੁੱਗ ਵਿੱਚ, ਐਫ. ਐਫ. ਬੋਸਵਰਥ ਦੇ ਦਿਨਾਂ ਵਿੱਚ, ਅਤੇ ਫਰੋਚਮੈਨ, ਉਹਨਾਂ ਮਹਾਨ ਆਦਮੀਆਂ ਦੇ ਦਿਨਾਂ ਵਿੱਚ। ਤੁਸੀਂ ਜਾਲ ਸੁੱਟੇ, ਬਿੱਲੀ ਸੰਡੇ ਦੇ ਦਿਨਾਂ ਵਿੱਚ, ਪੂਰੇ ਯੁੱਗ ਦੇ ਦੌਰਾਨ।

134 ਅਤੇ ਹੁਣ ਤੁਸੀਂ ਅਜੇ ਵੀ ਸਮੁੰਦਰ ਨੂੰ ਖੰਗਾਲ ਰਹੇ ਹੋ। ਕੀ ਅੱਜ ਰਾਤ ਉਨ੍ਹਾਂ ਵਿੱਚੋਂ ਕੋਈ ਇੱਥੇ ਬੈਠਾ ਹੈ, ਪ੍ਰਭੂ? ਜੇ ਅਜਿਹਾ ਹੈ, ਤਾਂ ਕਾਸ਼ ਉਹ ਖੂਹ ਤੇ ਉਸ ਛੋਟੀ ਔਰਤ ਵਾਂਗ ਹੋਣ। ਉਸਦੀ ਵੇਸਵਾਗਿਰੀ ਦੀ ਹਾਲਤ ਵਿੱਚ ਵੀ, ਉਸਨੇ ਫਿਰ ਵੀ ਇਹ ਪਛਾਣ ਲਿਆ ਕਿ ਤੁਸੀਂ ਹੀ ਮਸੀਹਾ ਸੀ। ਉਸਨੇ ਉਹ ਨਿਸ਼ਾਨ ਦੇਖਿਆ। ਇਹੀ ਗੱਲ ਸੀ। ਉਸ ਨੇ ਕਿਹਾ, “ਮੈਨੂੰ ਲੱਗਦਾ ਹੈ ਕਿ ਤੁਸੀਂ ਇੱਕ ਨਬੀ ਹੋ।” ਉਸ ਨੂੰ ਕੋਈ ਪਤਾ ਨਹੀਂ ਸੀ ਕਿ ਇਹ ਮਸੀਹਾ ਹੋ ਸਕਦਾ ਸੀ। ਉਸ ਨੇ ਕਿਹਾ, “ਅਸੀਂ ਇੱਕ ਮਸੀਹਾ ਨੂੰ ਲੱਭ ਰਹੇ ਹਾਂ,” ਦੂਸਰੇ ਸ਼ਬਦਾਂ ਵਿਚ। “ਅਸੀਂ ਜਾਣਦੇ ਹਾਂ ਕਿ ਜਦੋਂ ਮਸੀਹਾ ਆਵੇਗਾ, ਉਹ ਸਾਨੂੰ ਇਹ ਗੱਲਾਂ ਦੱਸੇਗਾ।” ਅਤੇ ਤੁਸੀਂ ਕਿਹਾ, “ਮੈਂ ਉਹੀ ਹਾਂ।” ਇਹ ਸੀ।

135 ਹੁਣ, ਅੱਜ ਰਾਤ, ਪ੍ਰਭੂ, ਉਨ੍ਹਾਂ ਨੂੰ ਇਹ ਵੇਖਣ ਦਿਓ, “ਇਹ ਮੈਂ ਹਾਂ; ਨਾ ਡਰੋ। ਇਹ ਮੇਰਾ ਵਾਅਦਾ ਹੈ।” ਬਿਮਾਰਾਂ ਨੂੰ ਚੰਗਾ ਕਰੋ, ਪ੍ਰਭੂ, ਗੁਆਚੇ ਹੋਇਆਂ ਨੂੰ ਬਚਾਓ, ਖਾਲੀ ਨੂੰ ਭਰ ਦਿਓ।

136 ਅਸੀਂ ਅੱਜ ਰਾਤ ਜਦੋਂ ਜਾਈਏ, ਅਤੇ ਆਪਣੇ ਦਿਲਾਂ ਵਿੱਚ ਕਹੀਏ, ਜਦੋਂ ਅਸੀਂ ਜਾਈਏ ਜਾਂਦੇ ਹਾਂ, ਤਾਂ ਉਨ੍ਹਾਂ ਵਾਂਗ ਜੋ ਇਮਾਉਂਸ ਤੋਂ ਆਉਂਦੇ ਸਨ, “ਕੀ ਸਾਡੇ ਦਿਲ ਸਾਡੇ ਅੰਦਰ ਨਹੀਂ ਬਲਦੇ ਸਨ ਜੱਦ ਉਸਨੇ ਅੱਜ ਰਾਤ ਇਮਾਰਤ ਵਿੱਚ ਸਾਡੇ ਲਈ ਸੇਵਕਾਈ ਕੀਤੀ, ਉਸਦੀ ਦੈਵਿਕ ਹਜ਼ੂਰੀ!” ਉਹ ਕਿਵੇਂ ਜਾਣਦੇ ਸਨ ਕਿ ਇਹ ਤੁਸੀਂ ਸੀ, ਉਨ੍ਹਾਂ ਨੇ ਤੁਹਾਨੂੰ ਅੰਦਰ ਬੁਲਾਇਆ ਅਤੇ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਗਈਆਂ। ਕਾਸ਼ ਸਾਡੇ ਵਿੱਚੋਂ ਹਰ ਇੱਕ, ਅੱਜ ਰਾਤ, ਤੁਹਾਨੂੰ ਅੰਦਰ ਬੁਲਾਵੇ। ਜੇ ਅਸੀਂ ਇਸ ਨੂੰ ਨਹੀਂ ਸਮਝਦੇ, ਤਾਂ ਵੀ, ਅਸੀਂ ਤੁਹਾਨੂੰ ਅੰਦਰ ਬੁਲਾਈਏ। ਇਹ ਇੱਕੋ ਇੱਕ ਤਰੀਕਾ ਹੈ ਜਿਸ ਨਾਲ ਤੁਸੀਂ ਆਪਣੇ ਆਪ ਨੂੰ ਪ੍ਰਗਟ ਕਰ ਸਕਦੇ ਹੋ।

137 ਅਤੇ ਅਸੀਂ ਧਿਆਨ ਦਿੱਤਾ ਕਿ ਤੁਸੀਂ ਆਪਣੇ ਜੀ ਉੱਠਣ ਤੋਂ ਬਾਅਦ ਆਪਣੇ ਆਪ ਨੂੰ ਕਿਵੇਂ ਪ੍ਰਗਟ ਕੀਤਾ ਹੈ, ਤੁਸੀਂ ਉਸੇ ਤਰ੍ਹਾਂ ਕੁਝ ਕੀਤਾ ਸੀ ਜਿਵੇਂ ਤੁਸੀਂ ਆਪਣੇ ਸਲੀਬ ਤੇ ਚੜ੍ਹਾਏ ਜਾਣ ਤੋਂ ਪਹਿਲਾਂ ਕੀਤਾ ਸੀ। ਹੁਣ ਅੱਜ ਰਾਤ ਨੂੰ ਆਓ, ਪ੍ਰਭੂ, ਤੁਸੀਂ ਕਿਹਾ ਸੀ ਕਿ ਤੁਸੀਂ ਸੀ “ਕੱਲ੍ਹ, ਅੱਜ, ਅਤੇ ਸਦਾ ਲਈ ਇੱਕੋ ਜਿਹੇ ਹੋ।” ਦੁਬਾਰਾ ਕਰੋ, ਸਾਡੇ ਲਈ, ਜਿਵੇਂ ਤੁਸੀਂ ਉਨ੍ਹਾਂ

ਦਿਨਾਂ ਵਿੱਚ ਕੀਤਾ ਸੀ ਜਦੋਂ ਤੁਸੀਂ ਇੱਥੇ ਦੇਹ ਵਿੱਚ, ਧਰਤੀ ਉੱਤੇ ਖੜੇ ਸੀ। ਅਸੀਂ ਉਨ੍ਹਾਂ ਵਾਂਗ, ਹਲਕੇ ਦਿਲ ਨਾਲ ਘਰ ਜਾਵਾਂਗੇ। ਯਿਸੂ ਦੇ ਨਾਮ ਵਿੱਚ ਅਸੀਂ ਪ੍ਰਾਰਥਨਾ ਕਰਦੇ ਹਾਂ। ਆਮੀਨ।

138 ਹੁਣ ਸਭਾ ਵਿੱਚ, ਅੱਜ ਰਾਤ, ਮੈਂ ਜਾਣਦਾ ਹਾਂ ਕਿ ਬਹੁਤ ਜਿਆਦਾ ਗਰਮੀ ਹੈ, ਅਤੇ ਸਾਡੇ ਕੋਲ ਸਮੇਂ ਸਿਰ ਬਾਹਰ ਨਿਕਲਣ ਲਈ ਵੀਹ ਮਿੰਟ ਹਨ। [ਟੇਪ ਉਤੇ ਖਾਲੀ ਥਾਂ—ਸੰਪਾ.] ਮੈਂ…

139 ਮੈਂ ਉਹਨਾਂ ਚੀਜ਼ਾਂ ਤੋਂ ਰੁੱਕ ਨਹੀਂ ਸਕਦਾ ਜਾਂ ਉਸ ਤੋਂ ਰੁੱਕ ਨਹੀਂ ਸਕਦਾ ਜੋ ਮੈਂ ਕਰਦਾ ਹਾਂ। ਮੈਂ ਕਿਸੇ ਚੀਜ਼ ਦੁਆਰਾ ਚਲਾਇਆ ਜਾਂਦਾ ਹਾਂ, ਮੈਂ ਹਮੇਸ਼ਾ ਇਸੇ ਤਰ੍ਹਾਂ ਰਿਹਾ ਹਾਂ, ਮੇਰੀ ਸਾਰੀ ਜ਼ਿੰਦਗੀ, ਅਤੇ ਇਹ ਹਮੇਸ਼ਾ ਸਹੀ ਰਿਹਾ ਹੈ। ਇਸ ਨੇ ਮੈਨੂੰ ਕਦੇ ਵੀ ਕੁਝ ਨਹੀਂ ਦੱਸਿਆ ਪਰ ਕੇਵਲ ਉਹੀ ਜੋ ਬਾਈਬਲ ਵਿਚ ਸੀ। ਮੈਂ ਇਸਨੂੰ ਰੋਕ ਨਹੀਂ ਸਕਦਾ। ਮੈਂ ਇਸ ਬਾਰੇ ਕੁਝ ਨਹੀਂ ਕਰ ਸਕਦਾ। ਇਹ ਬਸ ਇਸ ਨੂੰ ਕਰਦਾ ਹੈ, ਕਿਸੇ ਵੀ ਤਰ੍ਹਾਂ। ਅਤੇ ਮੈਨੂੰ ਯਕੀਨ ਹੈ, ਜੇ ਮੈਂ ਆਗਿਆਕਾਰੀ ਹਾਂ, ਤਾਂ ਕੋਈ ਅਜਿਹਾ ਸੀ ਜਿਸਨੂੰ ਇਸਦੀ ਲੋੜ ਹੈ। ਅਤੇ ਮੈਂ ਵਫ਼ਾਦਾਰ ਰਹਾਂਗਾ। ਅਤੇ ਉਸ ਦਿਨ, ਮੈਂ ਚਾਹੁੰਦਾ ਹਾਂ, ਜਿਵੇਂ ਮਹਾਨ ਸੰਤ ਪੌਲੁਸ ਨੇ ਕਿਹਾ ਸੀ, "ਮੇਰੇ ਹੱਥਾਂ ਤੇ ਕਿਸੇ ਵੀ ਮਨੁੱਖ ਦਾ ਲਹੂ ਨਹੀਂ ਹੈ।" ਉੰ-ਹੂੰ। ਮੈਂ—ਮੈਂ ਤੁਹਾਨੂੰ ਸੱਚ ਦੱਸਣਾ ਚਾਹੁੰਦਾ ਹਾਂ। ਇਸ ਤਰ੍ਹਾਂ ਨਹੀਂ ਜਿਵੇਂ ਮੈਂ… ਮੈਂ ਤੁਹਾਨੂੰ ਪਿਆਰ ਕਰਦਾ ਹਾਂ।

140 ਅਤੇ ਜੇਕਰ ਤੁਹਾਡੇ ਕੋਲ ਇੱਕ ਛੋਟਾ ਮੁੰਡਾ ਹੁੰਦਾ…ਹੁਣ ਇਸ ਬਾਰੇ ਸੋਚੋ, ਬੀਬੀ, ਤੁਹਾਨੂੰ ਜਿਨ੍ਹਾਂ ਨੂੰ ਮੈਂ ਕੁਝ ਸਮਾਂ ਪਹਿਲਾਂ ਝਿੜਕਿਆ ਸੀ, ਤੁਸੀਂ ਭੈਣਾਂ ਜਿਨਾਂ ਨੇ ਵਾਲ ਕਟਾਏ ਹੋਏ ਹਨ। ਜੇ ਮੈਂ…ਜੇ ਤੁਹਾਡਾ ਇੱਕ ਛੋਟਾ ਜਿਹਾ ਲੜਕਾ ਗਲੀ ਵਿੱਚ ਬੈਠਾ ਹੁੰਦਾ, ਅਤੇ ਤੁਸੀਂ ਕਹਿੰਦਿਆਂ, "ਛੋਟੇ, ਪਿਆਰੇ, ਬਿਹਤਰ ਹੋਵੇਗਾ ਤੁਸੀਂ ਅੰਦਰ ਆ ਜਾਓ, ਪਿਆਰੇ। ਇਹ ਹੋ ਸਕਦਾ ਹੈ, ਮੈਨੂੰ ਨਹੀਂ ਪਤਾ, ਉਹ ਸ਼ਾਇਦ ਤੁਹਾਡੇ ਆਲੇ ਦੁਆਲੇ ਗੱਡੀ ਚਲਾਉਣਗੇ।" ਤੁਸੀਂ ਉਸ ਬੱਚੇ ਨੂੰ ਪਿਆਰ ਨਹੀਂ ਕਰਦੇ। ਇਹ ਠੀਕ ਹੈ। ਤੁਸੀਂ ਉੱਥੋਂ ਬਾਹਰ ਆ ਜਾਓਗੇ ਅਤੇ ਉਸ ਦੀ ਚਮੜੀ ਉਧੇੜ ਦਿਓਗੇ, ਜਾਂ ਉਸਨੂੰ ਅੰਦਰ ਲੈ ਆਓਗੇ। ਇਹ ਸਹੀ ਹੈ। ਤੁਸੀਂ ਉਸਨੂੰ ਪਿਆਰ ਕਰਦੇ ਹੋ।

141 ਇੰਜੀਲ ਵੀ ਇਸੇ ਤਰ੍ਹਾਂ ਹੀ ਹੈ। ਪਰਮੇਸ਼ੁਰ ਤੁਹਾਨੂੰ ਪਿਆਰ ਕਰਦਾ ਹੈ। "ਅਤੇ ਜਿਨ੍ਹਾਂ ਨੂੰ ਉਹ ਪਿਆਰ ਕਰਦਾ ਹੈ, ਉਹ ਉਸ ਹਰੇਕ ਬਾਲਕ ਨੂੰ ਤਾੜਦਾ ਅਤੇ ਝਿੜਕਦਾ ਹੈ ਜੋ ਉਸ ਕੋਲ ਆਉਂਦਾ ਹੈ।" ਜੇ ਤੁਸੀਂ ਤਾੜਨਾ ਨੂੰ ਸਹਿ ਨਹੀਂ ਸਕਦੇ, ਤੁਸੀਂ ਚਲੇ ਜਾਂਦੇ ਹੋ ਅਤੇ ਇਸ ਬਾਰੇ ਗੁੱਸੇ ਹੋ ਜਾਂਦੇ ਹੋ, ਫਿਰ

ਤੁਸੀਂ ਨਾਜਾਇਜ਼ ਔਲਾਦ ਹੋ, ਤੁਸੀਂ ਪਰਮੇਸ਼ੁਰ ਦੇ ਬੱਚੇ ਨਹੀਂ ਹੋ। ਇਸ ਲਈ ਯਾਦ ਰੱਖੋ, ਇਹ ਸਿਰਫ਼ ਵਚਨ ਹੈ।

142 ਹੁਣ ਉਸ ਤੋਂ ਇੱਕ ਸ਼ਬਦ, ਇੱਕ ਸ਼ਬਦ, ਦਾ ਮਾਇਨੇ ਉਸ ਨਾਲੋਂ ਵੱਧ ਹੈ ਜੋ ਮੈਂ, ਕਰੋੜਾਂ ਜਿੰਦਗੀਆਂ ਵਿੱਚ ਕਹਿ ਸਕਦਾ ਹਾਂ। ਇਹ ਉਹ ਹੈ। ਅਸੀਂ ਉਸਦੇ ਵਾਅਦੇ ਨੂੰ ਜਾਣਦੇ ਹਾਂ। ਅਸੀਂ ਜਾਣਦੇ ਹਾਂ ਕਿ ਉਸਨੇ ਕੀ ਕਰਨ ਦਾ ਵਾਅਦਾ ਕੀਤਾ ਸੀ। ਹੁਣ ਮੈਨੂੰ ਨਹੀਂ ਪਤਾ ਕਿ ਕੀ…ਕੀਤਾ…ਅਸੀਂ ਤੋਂ…

143 ਕੀ ਉਸਨੇ ਦੁਬਾਰਾ ਕਾਰਡ ਦਿੱਤੇ ਹਨ? ਕੀ ਤੁਸੀਂ ਅੱਜ ਕਾਰਡ ਦਿੱਤੇ ਹਨ? ਇਹ ਕੀ ਸੀ? ਜੇ, ਠੀਕ ਹੈ। ਠੀਕ ਹੈ, ਸਮਾਂ ਬਚਾਉਣ ਲਈ, ਆਓ ਪਹਿਲੇ ਨੰਬਰ ਤੋਂ ਸ਼ੁਰੂ ਕਰੀਏ। ਹੁਣ, ਉਹ ਸ਼ਾਇਦ ਪੂਰੀ ਇਮਾਰਤ ਵਿੱਚ ਹਨ। ਜੇ, ਨੰਬਰ ਇਕ।

144 ਅਤੇ ਹੁਣ ਸਾਡੇ ਕੋਲ ਥੋੜਾ ਖਿਲਾਰਾ ਪਿਆ ਹੋਇਆ ਹੈ। ਅਸੀਂ ਸ਼ੁਰੂ ਕਰਾਂਗੇ, ਇੱਕ ਸਮੇਂ ਤੇ, ਇੱਕ ਤੋਂ, *ਇਸ* ਵਾਲੇ ਤੋਂ, ਸਮੇਂ ਦੇ ਨਾਲ, ਕੁਝ ਅੱਗੇ ਅਤੇ ਪਿੱਛੇ ਹਨ, ਅਤੇ ਆਲੇ ਦੁਆਲੇ ਹਨ, ਪਰ ਉਹ ਸਾਡੇ ਕੋਲ ਇੱਧਰ-ਉੱਧਰ ਖਿੱਲਰੇ ਹੋਏ ਹਨ। ਪਰ ਸਾਰੇ ਲੋਕ ਜੋ ਆਉਂਦੇ ਹਨ, ਹਰ ਰੋਜ਼, ਕਤਾਰ ਵਿੱਚ ਆਉਣ ਦਾ ਇੱਕ ਮੌਕਾ ਹੁੰਦਾ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿਉਂਕਿ ਤੁਸੀਂ ਇੱਥੇ ਹੋ…

145 ਕਿੰਨੇ ਜਾਣਦੇ ਹਨ, ਇਸ ਸਭਾ ਵਿਚ, ਸਰੋਤਿਆਂ ਵਿਚ ਲਗਭਗ ਦੁੱਗਣੇ ਤੋਂ ਵੀ ਜ਼ਿਆਦਾ ਲੋਕ ਠੀਕ ਹੋਏ ਹਨ, ਜਿਨੇ ਇੱਥੇ ਚੰਗੇ ਕਿਤੇ ਗਏ ਸਨ? ਯਕੀਨਨ, ਤੁਸੀਂ ਇਹ ਜਾਣਦੇ ਹੋ। ਦੇਖੋ, ਇੱਕ ਪ੍ਰਾਰਥਨਾ ਕਾਰਡ ਬਸ ਲੋਕਾਂ ਨੂੰ ਇੱਥੇ ਲਿਆਉਣ ਲਈ ਹੈ, ਉਨ੍ਹਾਂ ਵਿਚਕਾਰ ਪਵਿੱਤਰ ਆਤਮਾ ਲਿਆਉਣ ਲਈ, ਇਸ ਲਈ ਤੁਸੀਂ ਅਜਿਹਾ ਕਰਨ ਦੇ ਆਦੀ ਹੋ। ਸਾਡੇ ਕੋਲ ਇਸ ਵੇਲੇ ਇਹ ਹੋਣਾ ਵੀ ਜ਼ਰੂਰੀ ਨਹੀਂ ਹੈ। ਅਸੀਂ ਪ੍ਰਾਰਥਨਾ ਕਾਰਡਾਂ ਨੂੰ ਛੱਡ ਸਕਦੇ ਹਾਂ।

146 ਜਿਵੇਂ ਅਸੀਂ ਪਿਛਲੀ ਰਾਤ ਕੀਤਾ ਸੀ, ਸਾਡੇ ਕੋਲ ਪਿਛਲੀ ਰਾਤ ਕਦੇ ਵੀ ਪ੍ਰਾਰਥਨਾ ਕਾਰਡ ਨਹੀਂ ਸਨ। ਪਵਿੱਤਰ ਆਤਮਾ ਉਨ੍ਹਾਂ ਵਿੱਚਕਾਰ ਗਿਆ ਜਿਨ੍ਹਾਂ ਕੋਲ ਪ੍ਰਾਰਥਨਾ ਕਾਰਡ ਨਹੀਂ ਸਨ। ਅਤੇ ਮੈਂ ਬਹੁਤ ਸਾਰੀਆਂ ਚੀਜ਼ਾਂ ਦੇਖੀਆਂ ਜਿਨ੍ਹਾਂ ਬਾਰੇ ਮੈਂ ਕੁਝ ਨਹੀਂ ਕਿਹਾ, ਕਿਉਂਕਿ ਮੈਨੂੰ ਨਹੀਂ ਪਤਾ ਸੀ ਕਿ ਇਹ ਅਜਿਹਾ ਸੀ ਜਾਂ ਨਹੀਂ। ਅਜੇ ਵੀ ਉਹਨਾਂ ਉੱਤੇ ਹਨੇਰਾ ਸੀ, ਅਤੇ ਮੈਂ ਇਸਨੂੰ ਇਕੱਲੇ ਛੱਡ ਦਿੱਤਾ। ਮੈਨੂੰ ਨਹੀਂ ਪਤਾ ਸੀ। ਉਨ੍ਹਾਂ ਨੂੰ ਬੁਲਾਉਣ ਦਾ ਕੋਈ ਫਾਇਦਾ ਨਹੀਂ ਹੋਵੇਗਾ। ਜੋ ਕੁਝ ਉਹ ਕਹਿੰਦਾ ਹੈ ਉਹ ਸਹੀ ਹੈ, ਇਸ ਲਈ ਉਹ ਜੋ ਕਹਿੰਦਾ ਹੈ ਉਸਨੂੰ ਸੁਣੋ।

147 ਹੁਣ ਤੁਸੀਂ ਕਿਹਾ ਸੀ ਕਿ ਉਹ ਜੇ ਹੈ? ਜੇ, ਨੰਬਰ ਇਕ? ਜੇ, ਨੰਬਰ ਇਕ। ਪ੍ਰਾਰਥਨਾ ਕਾਰਡ ਕਿਸ ਕੋਲ ਹੈ? ਆਪਣਾ ਹੱਥ ਉਠਾਓ। ਤੁਹਾਨੂੰ ਗਲਤੀ ਲੱਗੀ ਹੋਵੇਗੀ, ਪੁੱਤਰ; ਕੁਝ ਹੋਣਾ ਚਾਹੀਦਾ ਹੈ...ਔਹ, ਮੈਨੂੰ ਅਫਸੋਸ ਹੈ। ਔਹ, ਪਿਛਲੇ ਪਾਸੇ ਕੰਧ ਦੇ ਨਾਲ। ਇੱਥੇ ਆਓ, ਬੀਬੀ। ਉਹ—ਉਹ ਬਸ ਇਹ ਕਾਰਡ ਹੇਠਾਂ ਲਿਆਉਂਦੇ ਹਨ, ਲੜਕੇ, ਭਾਈ ਬਾਰਡਰ ਜਾਂ ਬਿਲੀ, ਇੱਕ, ਕਦੇ ਕਦਾਈਂ ਉਹ ਦੋਵੇਂ, ਉਹਨਾਂ ਕਾਰਡਾਂ ਨੂੰ ਤੁਹਾਡੇ ਸਾਹਮਣੇ ਰਲਾਉਂਦੇ ਹਨ, ਅਤੇ ਫਿਰ ਤੁਹਾਨੂੰ ਤੁਹਾਡਾ ਕਾਰਡ ਦਿੰਦੇ ਹਨ, ਜੋ ਵੀ ਤੁਸੀਂ ਚਾਹੁੰਦੇ ਹੋ। ਅਸੀਂ ਨਹੀਂ ਜਾਣਦੇ, ਉਹ ਸਿਰਫ਼ ਹਨ...*ਇਸ* ਨੂੰ ਪੰਜਵਾਂ ਨੰਬਰ ਮਿਲ ਸਕਦਾ ਹੈ, ਅਤੇ *ਉਸ* ਨੂੰ ਨੰਬਰ ਸੱਤ ਮਿਲ ਸਕਦਾ ਹੈ, *ਇਸ* ਨੂੰ ਪੰਦਰਾਂ ਨੰਬਰ ਮਿਲਦਾ ਹੈ, ਅਤੇ *ਉਸ* ਨੂੰ ਪਚਾਨਵੇ, ਅਤੇ ਸਾਨੂੰ ਨਹੀਂ ਪਤਾ ਹੁੰਦਾ। ਅਤੇ ਫਿਰ, ਦੁਬਾਰਾ, ਜਦੋਂ ਮੈਂ ਆਉਂਦਾ ਹਾਂ, ਮੈਂ ਬਸ, ਜਿੱਥੇ ਵੀ ਇਹ ਮੇਰੇ ਦਿਲ ਵਿੱਚ ਰੱਖਦਾ ਹੈ, ਮੈਂ ਉਥੋਂ ਹੀ ਬੁਲਾਉਂਦਾ ਹਾਂ, ਭਾਵੇਂ ਇਹ ਕਿਤੇ ਵੀ ਹੋਵੇ। ਮੈਨੂੰ ਹੁਣੇ ਹੀ...ਜੇ ਮੈਂ ਕਹਾਂ...ਕਈ ਵਾਰ ਮੈਂ ਗਿਣਦਾ ਹਾਂ ਕਿ ਇੱਕ ਕਤਾਰ ਵਿੱਚ ਕਿੰਨੇ ਹਨ, ਅਤੇ ਇਸਨੂੰ ਇਸ ਕਤਾਰ ਦੇ ਲੋਕਾਂ ਦੁਆਰਾ ਵੰਡਦਾ ਹਾਂ ਅਤੇ ਇੱਕ ਜਵਾਬ ਪ੍ਰਾਪਤ ਕਰਦਾ ਹਾਂ। ਦੇਖੋ? ਅਤੇ ਫਿਰ, ਜੇ ਮੈਂ ਨਹੀਂ ਕਰਦਾ, ਕਿਉਂ, ਮੈਂ ਬੱਸ...ਜੋ ਵੀ ਮੇਰੇ ਮਨ ਵਿੱਚ ਪਹਿਲਾਂ ਆਉਂਦਾ ਹੈ, ਮੈਂ ਬੁਲਾਉਂਦਾ ਹਾਂ।

148 ਨੰਬਰ ਇਕ। ਜੇ, ਨੰਬਰ ਦੋ। ਨੰਬਰ ਦੋ, ਨੰਬਰ ਤਿੰਨ, ਨੰਬਰ ਚਾਰ, ਨੰਬਰ ਪੰਜ, ਨੰਬਰ ਛੇ, ਸੱਤ, ਅੱਠ, ਨੌਂ, ਦਸ, ਉਹਨਾਂ ਨੂੰ ਆਉਣ ਦਿਓ, ਵੇਖੋ। ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ, ਅੱਠ, ਨੌ, ਦਸ। ਇਹ ਚੰਗੀ ਗੱਲ ਹੈ। ਇਹੀ ਤਰੀਕਾ ਹੈ, ਸੱਜੇ ਆਓ...ਰੁਕੋ, ਇੱਕ ਦੂਜੇ ਪਾਸੇ ਚਲਾ ਗਿਆ। ਮੈਂ ਸੀ...ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ, ਅੱਠ, ਨੌਂ। ਇਹ ਠੀਕ ਹੈ। ਹੁਣ, ਇੱਥੇ, ਇੱਥੇ ਇਹ ਹੈ, ਦਸ। ਠੀਕ ਹੈ।

149 ਗਿਆਰਾਂ, ਬਾਰਾਂ, ਤੇਰਾਂ, ਚੌਦਾਂ, ਪੰਦਰਾਂ। ਪੰਜ ਹੋਰ ਹਨ। ਇੱਕ, ਦੋ, ਤਿੰਨ, ਚਾਰ, ਪੰਜ। ਚੰਗਾ, ਇਹ ਚੰਗਾ ਹੈ।

150 ਸੋਲ੍ਹਾਂ, ਸਤਾਰਾਂ, ਅਠਾਰਾਂ, ਉਨ੍ਹੀ, ਵੀਹ। ਇੱਕ ਦੋ ਤਿੰਨ, ਚਾਰ। ਮੈਂ ਸਿਰਫ ਚਾਰ ਵੇਖ ਰਿਹਾ ਹਾਂ। ਵੀਹ, ਕੀ ਵੀਹ ਨੇ ਜਵਾਬ ਦਿੱਤਾ? ਠੀਕ ਹੈ। ਹੁਣ, ਅਸੀਂ ਇੱਕ ਵਾਰ ਵਿੱਚ ਬਹੁਤ ਸਾਰੇ ਖੜ੍ਹੇ ਨਹੀਂ ਕਰਨਾ ਚਾਹੁੰਦੇ। ਹੁਣ ਜੇ ਅਸੀਂ ਇਹਨਾਂ ਨੂੰ ਪੂਰਾ ਕਰ ਲੈਂਦੇ ਹਾਂ, ਅਤੇ ਇਹ ਜਲਦੀ ਹੋ ਜਾਂਦਾ ਹੈ, ਤਾਂ ਅਸੀਂ ਕੁਝ ਹੋਰ ਲਈ ਜਾਵਾਂਗੇ। ਅਸੀਂ ਨਹੀਂ ਬੁਲਾਵਾਂਗੇ...ਸ਼ਾਇਦ ਅਸੀਂ...

151 ਆਓ ਕੁਝ ਹੋਰ ਲਈ ਕੋਸ਼ਿਸ਼ ਕਰੀਏ। ਆਓ ਪੰਜ ਹੋਰ ਲਈ ਕੋਸ਼ਿਸ਼ ਕਰੀਏ। ਇੱਕੀ ਤੋਂ ਪੱਚੀ ਤਕ, ਜੇ ਵਿਚ, ਜੇ ਤੁਸੀਂ ਚਾਹੋ ਤਾਂ ਉਨ੍ਹਾਂ ਨੂੰ ਖੜ੍ਹੇ ਹੋਣ

ਦਿਓ। ਇੱਕੀ ਤੋਂ ਪੱਚੀ। ਇੱਕ, ਦੋ, ਤਿੰਨ, ਬਹੁਤ ਪਿੱਛੇ ਹੈ, ਚਾਰ। ਇੱਕ, ਦੋ, ਤਿੰਨ, ਚਾਰ, ਇਹ ਪੰਜ ਹੈ। ਠੀਕ ਹੈ, ਆਓ ਹੁਣ ਉੱਥੇ ਰੁਕੀਏ। ਕਤਾਰ ਵਿੱਚ ਪੱਚੀ ਹਨ, ਅਤੇ ਉਹ—ਉਹ ਇੱਥੇ ਕਤਾਰ ਬਣਾ ਰਹੇ ਹਨ।

152 ਹੁਣ ਮੈਂ ਤੁਹਾਡੇ ਤੋਂ ਇੱਕ ਮੱਦਦ ਮੰਗਦਾ ਹਾਂ। ਕੀ ਤੁਸੀਂ ਮੈਨੂੰ ਆਪਣਾ ਅਣਵੰਡਿਆ ਦੇਵੋਗੇ...ਅਗਲੇ ਪੰਦਰਾਂ, ਸੋਲ੍ਹਾਂ ਮਿੰਟਾਂ ਲਈ, ਪਰਮੇਸ਼ੁਰ ਨੂੰ ਆਪਣਾ ਅਣਵੰਡਿਆ ਧਿਆਨ ਦਿਓ। ਕੀ ਤੁਸੀਂ ਅਜਿਹਾ ਕਰੋਗੇ? ਅਤੇ ਕੀ ਤੁਸੀਂ ਇਹ ਕਰੋਗੇ, ਆਪਣਾ ਦਿਲ ਖੋਲ੍ਹੋ? ਹੁਣ ਯਾਦ ਰੱਖੋ ਕਿ ਮੈਂ ਕੀ ਕਿਹਾ ਹੈ। ਇਸ ਨੂੰ ਆਪਣੀ ਪਿੱਠ ਉੱਤੋਂ ਦੀ ਨਾ ਜਾਣ ਦਿਓ, ਜਿਵੇਂ ਬਤਖ ਦੀ ਪਿੱਠ ਉੱਤੇ ਪਾਣੀ ਡਿੱਗਦਾ ਹੈ, ਜਿਵੇਂ ਪੁਰਾਣੀ ਕਹਾਵਤ ਹੈ। ਅਜਿਹਾ ਨਾ ਕਰੋ। ਇਸ ਤੇ ਗੌਰ ਕਰੋ।

153 ਜੇ ਮੈਂ ਤੁਹਾਨੂੰ ਕੁਝ ਦੱਸਾਂ ਜੋ ਵਚਨ ਵਿੱਚ ਨਹੀਂ ਹੈ, ਅਤੇ ਇਸ ਸਮੇਂ ਦੇ ਲਈ ਇੱਕ ਵਾਅਦਾ ਨਹੀਂ ਹੈ, ਤੁਸੀਂ ਇੱਥੇ ਪ੍ਰਬੰਧਕ ਨੂੰ ਮਿਲਣ ਲਈ ਪਾਬੰਦ ਹੋ ਅਤੇ ਆ ਕੇ ਮੈਨੂੰ ਇਸ ਬਾਰੇ ਦੱਸੋ। ਇਹ ਠੀਕ ਹੈ। ਮੈਂ—ਮੈਂ ਵਚਨ ਤੋਂ ਬਾਹਰ ਕੁਝ ਨਹੀਂ ਸਿਖਾਉਂਦਾ। ਅਤੇ ਜੇ ਮੈਂ ਉਸ ਵਚਨ ਨਾਲ ਸਹੀ ਰਹਿੰਦਾ ਹਾਂ, ਅਤੇ ਜੇ ਮੈਂ ਇਸ ਨੂੰ ਉਸੇ ਤਰਾਂ ਕਹਿੰਦਾ ਹਾਂ ਜਿਸ ਤਰ੍ਹਾਂ ਇਹ ਹੈ, ਅਤੇ ਪਰਮੇਸ਼ੁਰ... ਇਹ ਬਾਈਬਲ ਵਿਚ ਹੈ। ਜੇ ਪ੍ਰਭੂ ਦੇ ਦੂਤ ਮੈਨੂੰ ਕੁਝ ਦੱਸੇ ਜੋ ਬਾਈਬਲ ਵਿਚ ਨਹੀਂ ਹੈ, ਤਾਂ ਇਹ ਪ੍ਰਭੂ ਦਾ ਦੂਤ ਨਹੀਂ ਹੋਵੇਗਾ। ਇਹ ਠੀਕ ਹੈ। ਉਸਨੇ ਇੱਕ ਵਾਰ ਵੀ ਮੈਨੂੰ ਕੁਝ ਅਜਿਹਾ ਨਹੀਂ ਕਿਹਾ ਜੋ ਉਸ ਵਚਨ ਵਿੱਚ ਨਹੀਂ ਸੀ, ਅਤੇ ਤੁਸੀਂ ਮੇਰੇ ਗਵਾਹ ਹੋ। ਉਸ ਨੇ ਕਦੇ ਵੀ ਇੱਕ ਵੀ ਗੱਲ ਨਹੀਂ ਕਹੀ, ਲੱਖਾਂ ਅਤੇ ਹਜ਼ਾਰਾਂ ਵਿੱਚੋਂ, ਅਤੇ ਸੰਸਾਰ ਦੀਆਂ ਭਾਸ਼ਾਵਾਂ ਵਿੱਚੋਂ, ਉਸਨੇ ਕਦੇ ਇੱਕ ਵਾਰ ਵੀ ਕੁਝ ਗਲਤ ਨਹੀਂ ਕਿਹਾ ਹੈ, ਜਾਂ ਅਜਿਹਾ ਕੁਝ ਨਹੀਂ ਕਿਹਾ ਜੋ ਪੂਰਾ ਨਹੀਂ ਹੋਇਆ ਹੈ।

154 ਸੁਣੋ। ਇੱਥੇ ਪ੍ਰਬੰਧਕ ਅਤੇ ਉਹਨਾਂ ਨੂੰ ਪੁੱਛੋ। ਇਹ ਜੋ ਤੁਸੀਂ ਸਾਰੇ ਇੱਥੇ ਦੇਖਦੇ ਹੋ, ਉਹ ਇਸਦਾ ਸ਼ੁਕੀਨ ਪੱਖ ਹੈ। ਕੀ ਇਹ ਸਹੀ ਹੈ, ਭਰਾਵੋ? [ਭਾਈ ਕਹਿੰਦੇ ਹਨ, "ਸਹੀ ਹੈ।"—ਸੰਪਾ.] ਕਿਉਂ, ਬਾਹਰ, ਅਤੇ ਨਿੱਜੀ ਜੀਵਨ ਵਿੱਚ, ਜਿੱਥੇ ਉਹ ਕਹਿੰਦਾ ਹੈ, "*ਇਸ* ਜਗ੍ਹਾ ਤੇ ਹੇਠਾਂ ਜਾਓ, ਅਤੇ *ਇਹ* ਵੇਖੋ। ਅਤੇ *ਇਹ* ਪੂਰਾ ਹੋ ਜਾਵੇਗਾ। ਅਤੇ *ਇਸ* ਨੂੰ ਇੱਥੇ ਕਹੋ, *ਇੱਥੇ* ਹੇਠਾਂ ਕਹੋ।" ਇਹ ਬਸ ਲਗਾਤਾਰ ਹੁੰਦਾ ਰਹਿੰਦਾ ਹੈ, ਹਰ ਸਮੇਂ, ਦੇਖੋ, ਸਾਲ ਦਰ ਸਾਲ। ਸਰੋਤਿਆਂ ਵਿੱਚ ਲੋਕ ਬਸ ਨਿੱਕੀਆਂ-ਨਿੱਕੀਆਂ ਚੀਜਾਂ ਨੂੰ ਵੇਖਦੇ ਹਨ। ਪਰ ਹੁਣ ਜੇ ਤੁਸੀਂ ਸਤਿਕਾਰ ਕਰੋਗੇ।

155 ਕੀ ਹੁਣ ਹਰੇਕ ਇਸ ਪ੍ਰਾਰਥਨਾ ਕਤਾਰ ਵਿੱਚ ਹੈ, ਇੱਥੇ ਖੜ੍ਹਾ ਹੈ, ਮੇਰੇ ਲਈ ਅਜਨਬੀ ਹੈ? ਜੇ ਤੁਸੀਂ ਹੋ ਤਾਂ ਆਪਣੇ ਹੱਥ ਉਠਾਓ। ਠੀਕ ਹੈ। ਇੱਥੇ ਕਿੰਨੇ ਲੋਕ ਹਨ, ਜੋ ਜਾਣਦੇ ਹਨ ਕਿ ਮੈਂ ਤੁਹਾਡੇ ਬਾਰੇ ਕੁਝ ਨਹੀਂ ਜਾਣਦਾ? ਆਪਣਾ ਹੱਥ ਉਠਾਓ। ਹੁਣ ਜਦੋਂ...ਤੁਹਾਡਾ ਧੰਨਵਾਦ। ਮੈਨੂੰ ਪਰਵਾਹ ਨਹੀਂ ਕਿ ਤੁਸੀਂ ਕਿੱਥੇ ਹੋ, ਭਾਵੇਂ ਤੁਸੀਂ ਬਾਲਕੋਨੀ ਵਿੱਚ ਹੋ, ਪਿਛਾਂਹ ਕੰਧ ਦੇ ਨਾਲ ਹੋ, *ਇੱਥੇ* ਹੇਠਾਂ ਹੋ, ਤੁਸੀਂ ਜਿੱਥੇ ਵੀ ਹੋ। ਮੈਂ ਜਾ ਰਿਹਾ ਹਾਂ...

156 ਹੁਣ, ਇਹ ਤੁਹਾਡੇ ਭਲੇ ਲਈ ਹੈ। ਇਹ ਤੁਹਾਡੇ ਫਾਇਦੇ ਲਈ ਹੈ। ਦੇਖੋ, ਇਹ ਤੁਹਾਡੇ ਫਾਇਦੇ ਲਈ ਹੈ।

157 ਮੈਂ ਸੋਚਿਆ ਕਿ ਉਦੋਂ ਮੇਰਾ ਛੋਟਾ ਪੋਤਾ ਮੇਰੇ ਨਾਲ ਗੱਲ ਕਰ ਰਿਹਾ ਸੀ, ਪਰ ਅਜਿਹਾ ਨਹੀਂ ਸੀ। ਇੱਥੇ ਕਿਤੇ ਮੇਰਾ ਇੱਕ ਛੋਟਾ ਜਿਹਾ ਪੋਤਾ ਹੈ, ਅੱਜ ਰਾਤ, ਉਹ ਉਸ ਆਕਾਰ ਦਾ ਹੈ, ਅਤੇ ਮੈਂ ਸੋਚਿਆ ਕਿ ਇਹ ਛੋਟਾ ਪੌਲ ਸੀ। ਉਹ ਹਮੇਸ਼ਾ ਕਹਿੰਦਾ ਹੈ ਕਿ ਉਹ ਆਵੇਗਾ, ਮੰਚ ਤੇ ਖੜ੍ਹਾ ਹੋਵੇਗਾ, ਮੇਰੇ ਲਈ ਪ੍ਰਚਾਰ ਕਰੇਗਾ, ਅਤੇ ਉਹ ਅਜੇ ਦੋ ਸਾਲ ਦਾ ਵੀ ਨਹੀਂ ਹੈ। ਮੈਨੂੰ ਲੱਗਦਾ ਹੈ ਕਿ ਉਹ ਛੋਟਾ ਮੁੰਡਾ ਆਪਣੀ ਮਾਂ ਨੂੰ ਲੱਭ ਰਿਹਾ ਹੈ।

158 ਇਸ ਲਈ ਯਾਦ ਰੱਖੋ, ਮੈਂ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੈਂ...ਪਰਮੇਸ਼ੁਰ ਜਾਣਦਾ ਹੈ। ਮੈਂ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ, ਸਮਝੇ। ਹੁਣ ਦੇਖੋ, ਜੇਕਰ ਉਹ ਸਾਡੇ ਵਿਚਕਾਰ ਆਉਂਦਾ ਹੈ, ਤਾਂ ਮੈਂ ਚਾਹੁੰਦਾ ਹਾਂ ਕਿ ਤੁਸੀਂ ਲਾਭ ਪ੍ਰਾਪਤ ਕਰੋ।

159 ਹੁਣ ਇਸ ਬਾਰੇ ਸੋਚੋ, ਯਿਸੂ ਮਸੀਹ ਦਾ ਵਿਅਕਤੀ ਦੇਹ ਵਿੱਚ ਕੰਮ ਕਰ ਰਿਹਾ ਹੈ, ਜਿਵੇਂ ਉਸਨੇ ਵਾਅਦਾ ਕੀਤਾ ਸੀ ਕਿ ਉਹ ਅੰਤ ਵਿੱਚ ਕਰੇਗਾ। ਕਿੰਨੇ ਜਾਣਦੇ ਹਨ ਕਿ ਉਸਨੇ ਵਾਅਦਾ ਕੀਤਾ ਸੀ? ਜਿਵੇਂ ਇਹ ਸਦੂਮ ਦੇ ਵਿੱਚ ਸੀ, ਜਦੋਂ ਦੂਤ ਨੇ ਆਪਣੀ ਪਿੱਠ ਕੀਤੀ ਹੋਈ ਸੀ, ਅਤੇ...ਉਹ ਪਰਮੇਸ਼ੁਰ ਸੀ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਪਰਮੇਸ਼ੁਰ ਸੀ? ਕਿੰਨੇ ਮੰਨਦੇ ਹਨ ਕਿ ਉਹ ਪਰਮੇਸ਼ੁਰ ਸੀ? ["ਆਮੀਨ।"] ਯਕੀਨਨ, ਇਹ ਸੀ। ਬਾਈਬਲ ਨੇ ਕਿਹਾ ਕਿ ਇਹ ਸੀ। ਅਤੇ ਉਸ ਨੇ, ਯਿਸੂ ਨੇ, ਇਸਦਾ ਜ਼ਿਕਰ ਕੀਤਾ। ਹੁਣ ਧਿਆਨ ਦਿਓ।

160 ਹੁਣ ਤੁਸੀਂ ਜਿਹੜੇ ਪ੍ਰਾਰਥਨਾ ਕਾਰਡ ਤੋਂ ਬਗੈਰ ਹੋ, ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਲਈ ਕੁਝ ਕਰੋ, ਜਿੱਥੇ ਵੀ ਤੁਸੀਂ ਹੋ। ਹੁਣ ਯਾਦ ਰੱਖੋ, ਇਹ ਚੀਜ਼ਾਂ, ਦੇਖੋ ਜਦੋਂ ਇਹ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਠੀਕ ਹੋ ਗਏ ਹੋ, ਜਾਂ ਇਹ ਤੁਹਾਨੂੰ ਕੀ ਕਰਨ ਲਈ ਕਹਿੰਦਾ ਹੈ। ਦੇਖੋ ਕਿ ਇਹ ਕੀ ਕਹਿੰਦਾ ਹੈ। ਜੇ ਇਹ ਤੁਹਾਨੂੰ ਕੁਝਦੱਸਦਾ ਹੈ, ਤਾਂ ਇਹ ਤੁਹਾਡੇ ਵਿਸ਼ਵਾਸ ਨੂੰ ਬਣਾਉਣ ਲਈ ਹੈ। ਅਤੇ ਫਿਰ

ਜਦੋਂ ਤੁਹਾਡੀ ਨਿਹਚਾ ਇੱਕ ਥਾਂ ਤੇ ਆਉਂਦੀ ਹੈ, ਤੁਸੀਂ ਅੱਗੇ ਵੱਧਦੇ ਹੋ ਅਤੇ ਪਰਮੇਸ਼ੁਰ ਨੂੰ ਸਵੀਕਾਰ ਕਰਦੇ ਹੋ। ਇਹ ਮੈਂ ਨਹੀਂ ਹਾਂ, ਕਿਉਂਕਿ ਸਵਰਗੀ ਪਿਤਾ ਜਾਣਦਾ ਹੈ।

161 ਮੈਂ ਇੱਥੇ ਇਸ ਕਤਾਰ ਨੂੰ ਵੇਖ ਰਿਹਾ ਹਾਂ, ਮੈਨੂੰ ਇੱਕ ਵਿਅਕਤੀ ਨਹੀਂ ਦਿਖਾਈ ਦਿੰਦਾ ਜਿਸਨੂੰ ਮੈਂ ਜਾਣਦਾ ਹੋਵਾਂ। ਮੈਂ ਨਹੀਂ ਦੇਖ ਸਕਦਾ ਪਰ ਪੂਰੇ ਸਰੋਤਿਆਂ ਵਿੱਚ ਦੋ ਜਾਂ ਤਿੰਨ ਲੋਕ ਹਨ, ਜਿਨ੍ਹਾਂ ਨੂੰ ਮੈਂ ਜਾਣਦਾ ਹਾਂ। ਅਤੇ ਮੈਨੂੰ ਨਹੀਂ ਪਤਾ, ਇਸ ਸਮੇਂ, ਮੈਂ ਕਹਿ ਸਕਦਾ ਹਾਂ, ਇੱਕ ਦਿਖਾਓ। ਮੈਨੂੰ ਪਤਾ ਹੈ ਕਿ ਐਡਮੰਡ ਵੇ ਕੁਝ ਮਿੰਟ ਪਹਿਲਾਂ ਇੱਥੇ ਸੀ। ਮੈਂ ਸੋਚਿਆ ਕਿ ਮੈਂ ਉਸਨੂੰ ਦੇਖਿਆ ਹੈ, ਅਤੇ ਮੈਂ—ਮੈਂ…

162 ਜੇ ਮੈਂ ਗਲਤ ਨਹੀਂ ਹਾਂ, ਤਾਂ ਮੈਂ ਕਿਸੇ ਨੂੰ ਦੇਖ ਰਿਹਾ ਹਾਂ ਜਿਸਨੂੰ ਮੈਂ ਜਾਣਦਾ ਹਾਂ, ਇੱਕ ਆਦਮੀ ਅਤੇ ਉਸਦੀ ਪਤਨੀ, ਅਤੇ ਇੱਕ ਛੋਟੀ ਕੁੜੀ ਹੈ, ਜਿਸਦਾ ਨਾਮ ਫ੍ਰਿਟਜ਼ਿੰਗਰ ਹੈ, ਓਹੀਓ ਤੋਂ। ਕੀ ਇਹ, ਕੀ ਤੁਸੀਂ ਭਾਈ-…*ਉਹ* ਭਾਈ ਫ੍ਰਿਟਜ਼ਿੰਗਰ? ਤੁਸੀਂ ਛੋਟੇ ਜਿਹੇ ਗੋਲੇ ਵਿੱਚ ਬੈਠੇ ਹੋ ਜਿੱਥੇ…ਉਹ ਭਾਈ ਅਤੇ ਭੈਣ ਫਰਿਟਜ਼ਿੰਗਰ ਹਨ, ਓਹੀਓ ਤੋਂ, ਮੇਰੇ ਦੋਸਤ।

163 ਅਤੇ ਉਸ ਤੋਂ ਬਾਹਰ, ਉੱਥੇ ਬੈਠ ਕੇ, ਇੱਕ…ਮੈਂ ਇੱਥੇ ਇੱਕ ਪਾਸੇ ਦੇਖ ਰਿਹਾ ਹਾਂ, ਇੱਕ ਬਾਨਵੇਂ ਸਾਲ ਦਾ ਇੱਕ ਬਜ਼ੁਰਗ, ਜਿਸ ਦਾ ਨਾਮ ਹੈ ਵਿਲੀਅਮ ਡਾਉ। ਉਹ ਅਤੇ ਉਸਦੀ ਪਤਨੀ। ਉਹ ਇੱਕ ਨਰਸ ਹੈ। ਓਹੀਓ ਵਿੱਚ, ਵਿਲੀਅਮ ਡਾਉ, ਮੇਰਾ ਇੱਕ ਬਹੁਤ ਹੀ ਨਿੱਜੀ ਮਿੱਤਰ ਹੈ। ਕੁਝ ਸਮਾਂ ਪਹਿਲਾਂ, ਉਸ ਨੂੰ, ਇਕਾਨਵੇਂ ਸਾਲ ਦੀ ਉਮਰ ਵਿੱਚ, ਉਸਦਾ ਦਿਲ ਪੂਰੀ ਤਰ੍ਹਾਂ ਖਰਾਬ ਹੋ ਗਿਆ, ਦਿਲ ਦਾ ਦੌਰਾ ਪਿਆ, ਅਤੇ ਉਸਦੀ ਪਤਨੀ ਨੇ ਮੈਨੂੰ ਬੁਲਾਇਆ, ਤੁਰੰਤ ਆਉਣ ਲਈ, ਉਹ ਉਸੇ ਸਮੇਂ ਮਰ ਰਿਹਾ ਸੀ। ਅਤੇ…

164 ਉਹ ਮੇਰੇ ਲਈ ਜਿਗਰੀ ਦੋਸਤ ਰਿਹਾ ਹੈ। ਉਸ ਨੂੰ ਦੇਖਣ ਲਈ ਜਾਂਦੇ ਹੋਏ ਰਾਹ ਵਿੱਚ, ਮੈਂ ਚਿੰਤਾ ਵਿੱਚ ਸੀ। ਅਤੇ ਮੈਂ ਰੁਕਿਆ, ਅਤੇ ਮੇਰਾ ਇੱਕ ਪਹੀਆ ਲਾਈਨ ਤੋਂ ਬਾਹਰ ਹੋ ਗਿਆ, ਬੱਸ ਮੇਰੇ ਟਾਇਰ ਦੇ ਟੁਕੜੇ ਕਰ ਰਿਹਾ ਸੀ, ਅਤੇ ਮੈਂ ਇੱਕ ਟੈਕਸਾਕੋ ਸਟੇਸ਼ਨ ਵਿੱਚ ਗਿਆ, ਕੁਝ ਗੈਸ ਭਰੀ, ਅਤੇ ਉਹ ਬਾਹਰ ਆਏ, ਇਸ ਵੱਲ ਦੇਖਿਆ। ਅਤੇ ਮੈਂ ਉੱਪਰ ਦੇਖਿਆ, ਅਤੇ ਮੈਂ ਦੇਖਿਆ ਕਿ ਭਾਈ ਡਾਉ ਮੇਰੀ ਕਲੀਸਿਯਾ ਦੇ ਵਿੱਚੋਂ ਦੀ ਲੰਘ ਰਹੇ ਹਨ, ਮੇਰਾ ਹੱਥ ਮਿਲਾਉਂਦੇ ਹੋਏ। ਮੈਂ ਕਿਹਾ, "ਪ੍ਰਭੂ ਦੀ ਮਹਿਮਾ ਕਰੋ।" ਅਤੇ ਮੈਂ ਇਸ ਪਾਸੇ ਪਿੱਛੇ ਮੁੜ ਕੇ ਦੇਖਿਆ, ਅਤੇ ਉਹ ਗਲੀ ਵਿੱਚ ਆਇਆ, ਅਤੇ ਮੇਰੇ ਨਾਲ ਹੱਥ ਮਿਲਾਇਆ। ਮੈਂ ਉਸ ਕੋਲ ਗਿਆ।

165 ਮੈਂ ਉਸਦੇ ਡਾਕਟਰ ਨੂੰ ਮਿਲਿਆ, ਇੱਕ ਨੌਜਵਾਨ ਯਹੂਦੀ, ਜਾਂ ਇੱਕ ਅੱਧਖੜ ਉਮਰ ਦਾ ਆਦਮੀ, ਯਹੂਦੀ ਆਦਮੀ। ਅਤੇ ਮੈਂ ਕਿਹਾ, "ਉਸ ਨੂੰ ਕੀ ਗੱਲ ਹੈ, ਡਾਕਟਰ?"

166 ਕਿਹਾ, "ਉਸ ਕੋਲ ਤਾਂ ਲੜਣ ਦਾ ਮੌਕਾ ਵੀ ਨਹੀਂ ਹੈ।" ਕਿਹਾ, "ਉਹ ਆਕਸੀਜਨ ਦੇ ਤੰਬੂ ਹੇਠ ਹੈ।" ਕਿਹਾ, "ਉਹ ਉੱਥੇ ਹੀ ਮਰ ਜਾਵੇਗਾ।" ਉਸ ਨੇ ਕਿਹਾ, "ਯਾਦ ਰੱਖੋ, ਉਹ ਇਕਾਨਵੇਂ ਸਾਲ ਦਾ ਹੈ।"

ਮੈਂ ਕਿਹਾ, "ਹਾਂ, ਸ਼੍ਰੀਮਾਨ।"

167 ਕਿਹਾ, "ਦਿਲ ਪੂਰੀ ਤਰ੍ਹਾਂ ਖਰਾਬ ਹੈ। ਕੁਝ ਨਹੀਂ ਕੀਤਾ ਜਾ ਸਕਦਾ।" ਕਿਹਾ, "ਇਹ ਜਾਣ ਦਾ ਸਮਾਂ ਹੈ।"

168 ਅਤੇ ਮੈਂ ਕਿਹਾ, "ਹਾਂ, ਸ਼੍ਰੀਮਾਨ। ਪਰ, ਨਹੀਂ, ਉਹ ਨਹੀਂ ਜਾ ਰਿਹਾ। ਇਹੀ ਸਭ ਹੈ।"

169 ਮੈਂ ਅੰਦਰ ਗਿਆ, ਤੰਬੂ ਦੇ ਹੇਠਾਂ ਆਪਣਾ ਹੱਥ ਰੱਖਿਆ। ਮੈਂ ਕਿਹਾ, "ਭਾਈ ਡਾਉ, ਕੀ ਤੁਸੀਂ ਮੈਨੂੰ ਸੁਣ ਸਕਦੇ ਹੋ?" ਉਸਨੇ ਮੇਰੇ ਵੱਲ ਦੇਖਿਆ। ਹੁਣ ਅਸਲ ਵਿੱਚ, ਉਸਦੇ ਨਾਮ ਵਿੱਚ, ਉਹ ਇੱਕ ਜਰਮਨ ਹੈ, ਡੀ-ਏ-ਯੂ-ਜੀ-ਐਚ, ਅਤੇ ਮੈਂ ਇਸਨੂੰ ਡਾਉ ਕਹਿੰਦਾ ਹਾਂ, ਸਮਝੇ। ਅਤੇ ਮੈਂ—ਅਤੇ ਮੈਂ ਆਪਣਾ ਹੱਥ ਤੰਬੂ ਦੇ ਹੇਠਾਂ ਰੱਖਿਆ, ਅਤੇ ਮੈਂ ਕਿਹਾ, "ਤੁਸੀਂ ਮੈਨੂੰ ਸੁਣ ਰਹੇ ਹੋ, ਭਾਈ ਡਾਉ?"

ਉਸ ਨੇ ਕਿਹਾ, "ਹਾਂ।"

ਮੈਂ ਕਿਹਾ, "ਤੁਸੀਂ ਨਹੀਂ ਜਾ ਰਹੇ ਹੋ। ਮੈਂ ਦੇਖਿਆ ਕਿ ਤੁਸੀਂ ਨਹੀਂ ਜਾ ਰਹੇ ਹੋ।"

170 ਉਸ ਤੋਂ ਇੱਕ ਹਫ਼ਤੇ ਬਾਅਦ, ਉਹ ਮੇਰੀ ਕਲੀਸਿਯਾ ਵਿੱਚ ਖੜ੍ਹਾ ਸੀ, ਕਲੀਸਿਯਾ ਵਿੱਚੋਂ ਦੀ ਹੋਰ ਕੋਈ ਨਹੀਂ ਪਰ ਭਾਈ ਡਾਉ ਤੁਰਦਾ ਹੋਇਆ ਆਇਆ! ਮੈਂ ਸਭਾ ਛੱਡ ਕੇ ਨਦੀ ਦੇ ਪਾਰ ਚਲਾ ਗਿਆ, ਇੱਕ ਢਾਬੇ ਵਿੱਚ, ਖਾਣ ਲਈ ਚਲਾ ਗਿਆ। ਅਤੇ ਜਦੋਂ ਮੈਂ ਕਾਰ ਵਿੱਚੋਂ ਬਾਹਰ ਨਿਕਲਿਆ, ਅਤੇ ਗਲੀ ਵਿੱਚ ਚੱਲ ਰਿਹਾ ਸੀ, ਇੱਥੇ ਭਰਾ ਡਾਉ ਆਪਣਾ ਹੱਥ ਕੱਢੀ ਆਉਂਦਾ ਸੀ। ਉਹ ਦੇ ਦਰਸ਼ਨ ਅਸਫ਼ਲ ਨਹੀਂ ਹੁੰਦੇ।

171 ਅਤੇ ਉਹ ਇਕਾਨਵੇਂ ਸਾਲ ਦਾ ਆਦਮੀ, ਅਤੇ ਹਰ ਸਭਾ ਵਿੱਚ ਆਉਂਦਾ ਹੈ, ਕੈਲੀਫੋਰਨੀਆ ਵਿੱਚ ਸੀ। ਕੀ ਤੁਸੀਂ ਬਸ ਆਪਣਾ ਹੱਥ ਉਠਾਓਗੇ, ਭਾਈ ਡਾਉ? ਉੱਥੇ ਬੈਠੇ ਹੋਏ, ਕਿ ਲੋਕ ਵੇਖਣ ਕਿ ਹੁਣ ਅਸਲ ਸਿਪਾਹੀ ਕੀ ਹੁੰਦਾ ਹੈ। ਇੱਥੇ, ਬਿਲਕੁਲ ਇੱਥੇ ਹੀ ਬੈਠੇ ਹੋਏ ਹਨ, ਵੇਖੋ, ਇਕਾਨਵੇਂ ਸਾਲ ਦੇ ਹਨ, ਤੇ

ਹਰ ਸਭਾ ਦੇ ਵਿੱਚ ਆਉਂਦੇ ਹਨ। ਜਦੋਂ ਮੈਂ ਡੇਰੇ ਵਿੱਚ ਹੁੰਦਾ ਹਾਂ, ਤਾਂ ਉਹ ਹਰ ਰੋਜ਼ ਸੈਂਕੜੇ ਮੀਲ ਗੱਡੀ ਚਲਾਉਂਦਾ ਹੈ, ਮੇਰੇ ਤੋਂ ਇੱਕ ਛੋਟਾ ਜਿਹਾ ਉਪਦੇਸ਼ ਸੁਣਨ ਲਈ, ਅਤੇ ਵਾਪਸ ਚਲਾ ਜਾਂਦਾ ਹੈ। ਪਰਮੇਸ਼ੁਰ, "ਸ਼ਾਮਾਂ ਦੇ ਵੇਲੇ ਚਾਨਣ ਹੋਵੇਗਾ।"

172 ਮੈਂ ਕਿਹਾ, ਇੱਕ ਦਿਨ ਮੈਂ ਉਸ ਨਾਲ ਗੱਲ ਕਰ ਰਿਹਾ ਸੀ, ਮੈਂ ਕਿਹਾ, "ਮੈਂ ਤੁਹਾਡੇ ਲਈ ਕੀ ਕਰ ਸਕਦਾ ਹਾਂ, ਭਾਈ ਡਾਉ?"

173 "ਬੱਸ ਇੱਕ ਬੇਨਤੀ ਹੈ, ਭਾਈ ਬ੍ਰਨਹਾਮ। ਜਦੋਂ ਉਹ ਆਵੇਗਾ, ਤਾਂ ਮੈਂ ਉਸ ਦੇ ਨਾਲ ਜਾਣਾ ਚਾਹੁੰਦਾ ਹਾਂ।"

174 ਕਿਹਾ, "ਚਿੰਤਾ ਨਾ ਕਰੋ। ਇਹ ਪੱਕਾ ਹੈ। ਯਕੀਨਨ।" ਹੁਣ, ਆਦਮੀ ਅੰਦਰ ਆਇਆ, ਬਪਤਿਸਮਾ ਲਿਆ, ਔਹ, ਅੰਦਰ ਆਇਆ ਅਤੇ ਪਵਿੱਤਰ ਆਤਮਾ ਦਾ ਬਪਤਿਸਮਾ ਲਿਆ ਅਤੇ ਹਰੇਕ ਚੀਜ, ਬਸ ਮਸੀਹ ਦਾ ਇੱਕ ਸ਼ਾਨਦਾਰ ਸੇਵਕ।

175 ਹੁਣ ਮੈਂ ਸਾਰਿਆਂ ਨੂੰ ਕਹਿਣ ਜਾ ਰਿਹਾ ਹਾਂ, ਸੱਚੇ ਸ਼ਰਧਾਲੂਆਂ ਨੂੰ, ਤੁਸੀਂ ਇਸ ਪਾਸੇ ਦੇਖੋ ਅਤੇ ਪ੍ਰਾਰਥਨਾ ਕਰੋ।

176 ਹੁਣ ਇੱਥੇ ਕਿੰਨੇ ਸਿਖਿਅਕ ਜਾਣਦੇ ਹਨ ਕਿ ਉਹ ਇਸ ਵੇਲੇ ਮਹਾਂ ਜਾਜਕ ਹੈ, ਜਿਸ ਨੂੰ ਸਾਡੀਆਂ ਦੁਰਬਲਤਾਈਆਂ ਦੇ ਅਹਿਸਾਸ ਦੁਆਰਾ ਛੂਹਿਆ ਜਾ ਸਕਦਾ ਹੈ? ਖੈਰ, ਜੇ ਉਹ ਕੱਲ੍ਹ, ਅੱਜ, ਅਤੇ ਸਦਾ ਲਈ ਇੱਕੋ ਜਿਹਾ ਹੈ, ਅਤੇ ਉਹੀ ਮਹਾਂ ਜਾਜਕ ਹੈ, ਤਾਂ ਉਹ ਉਸੇ ਤਰ੍ਹਾਂ ਕੰਮ ਕਰੇਗਾ। ਕੇਵਲ, ਉਹ, ਉਸ ਦਾ ਸਰੀਰ...ਪਰਮੇਸ਼ੁਰ ਦੇ ਸਿੰਘਾਸਣ ਉੱਤੇ ਹੈ। ਇਹ ਕਿੰਨੇ ਕੁ ਜਾਣਦੇ ਹਨ? ["ਆਮੀਨ।"] ਯਿਸੂ ਦਾ ਸਰੀਰ ਪਰਮੇਸ਼ੁਰ ਦੇ ਸਿੰਘਾਸਣ ਉੱਤੇ ਹੈ। ਪਰ ਉਹ ਸਾਡੇ ਸਰੀਰ ਦੀ ਵਰਤੋਂ ਆਪਣੇ ਆਪ ਨੂੰ ਪ੍ਰਗਟ ਕਰਨ ਲਈ ਕਰਦਾ ਹੈ, ਜਿਵੇਂ ਉਸਨੇ ਕਰਨ ਦਾ ਵਾਅਦਾ ਕੀਤਾ ਸੀ। "ਉਹ ਕੰਮ ਜੋ ਮੈਂ ਕਰਦਾ ਹਾਂ ਤੁਸੀਂ ਵੀ ਕਰੋਗੇ।"

ਮੈਂ ਤੁਹਾਨੂੰ ਸਥਿਰ ਅਤੇ ਆਦਰ ਸਹਿਤ ਬੈਠੇ ਰਹਿਣ ਲਈ ਕਹਿ ਰਿਹਾ ਹਾਂ, ਵੇਖੋ, ਪ੍ਰਾਰਥਨਾ ਕਰੋ।

177 ਹੁਣ, ਸਵਰਗੀ ਪਿਤਾ, ਮੈਂ ਉਨਾ ਹੀ ਸਤਿਕਾਰਯੋਗ ਹੋਣ ਦੀ ਕੋਸ਼ਿਸ਼ ਕੀਤੀ ਹੈ ਜਿੰਨਾ ਮੈਂ ਜਾਣਦਾ ਹਾਂ ਕਿ ਇਸ ਬਾਰੇ ਕਿਵੇਂ ਕਰਨਾ ਹੈ। ਹੁਣ ਤੁਹਾਡੇ ਵੱਲੋਂ ਕੇਵਲ ਇੱਕ ਸ਼ਬਦ, ਪ੍ਰਭੂ, ਅਤੇ ਫਿਰ ਇੱਕ ਛੋਟੀ ਜਿਹੀ ਆਵਾਜ਼ ਇਨ੍ਹਾਂ ਸਰੋਤਿਆਂ ਵਿੱਚ ਹੇਠਾਂ ਆਵੇ ਅਤੇ ਕਹੇ, "ਇਹ ਮੈਂ ਹਾਂ; ਨਾ ਡਰੋ।" ਇਹ ਬਖਸ ਦਿਓ, ਪਿਤਾ। ਅਤੇ ਮੈਂ ਤੁਹਾਡੇ ਲਈ ਆਪਣੇ ਆਪ ਨੂੰ ਸਮਰਪਿਤ ਕਰਦਾ ਹਾਂ, ਉਸ ਸੰਦੇਸ਼ ਦੇ ਨਾਲ ਜੋ ਅੱਜ ਰਾਤ ਨੂੰ ਪ੍ਰਚਾਰਿਆ ਗਿਆ ਹੈ, ਤੁਹਾਡੇ ਵਚਨ ਦੇ

ਅਨੁਸਾਰ। ਤੁਹਾਨੂੰ ਇਹ ਕਰਨ ਦੀ ਲੋੜ ਨਹੀਂ ਹੈ। ਪਰ ਜੇ ਤੁਸੀਂ ਇਹ ਕਰੋਗੇ, ਜਾਂ ਤੁਸੀਂ ਇਹ ਕਰਦੇ ਹੋ, ਕਿਉਂਕਿ ਤੁਸੀਂ ਇਸ ਦਾ ਵਾਅਦਾ ਕੀਤਾ ਸੀ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਇਸ ਨੂੰ ਪ੍ਰਦਾਨ ਕਰੋਗੇ, ਯਿਸੂ ਦੇ ਨਾਮ ਵਿੱਚ। ਆਮੀਨ।

178 ਅਤੇ ਹਰ ਕੋਈ ਅਸਲ ਆਦਰ ਭਾਵ ਨਾਲ, ਬਸ ਅਸਲ ਆਦਰ ਭਾਵ। ਤੁਹਾਡਾ ਕੀ ਹਾਲ ਹੈ? ਹੁਣ ਮੈਂ ਤੁਹਾਨੂੰ ਲਿਖਤ ਦੇਵਾਂਗਾ ਜਿਵੇਂ ਅਸੀਂ ਅੱਗੇ ਜਾਂਦੇ ਹਾਂ। ਜੇ ਪ੍ਰਭੂ ਕਰੇ, ਮੈਂ ਨਹੀਂ ਜਾਣਦਾ। ਪਰ ਬ-…ਅਤੇ ਮੈਂ ਇਸ ਤਰ੍ਹਾਂ ਦਾ ਪ੍ਰਚਾਰ ਕਰ ਰਿਹਾ ਹਾਂ, ਦੇਖੋ, ਇਹ ਇੱਕ ਕਿਸਮ ਦਾ ਮਸਹ ਹੈ। ਇਹ ਕਿਸੇ ਹੋਰ ਕਿਸਮ ਦਾ ਮਸਹ ਹੈ। ਇਹ ਬਸ ਅਸੀਸ ਸੀ। ਇਹ, ਸਿਰਫ ਇੱਕ ਚੀਜ਼, ਬਸ ਤੁਹਾਡੇ ਤੋਂ ਜੀਵਨ ਲੈ ਲੈਂਦਾ ਹੈ।

179 ਹੁਣ ਬੀਬੀ ਇੱਥੇ ਖੜ੍ਹੀ ਹੈ। ਮੈਂ ਉਸਨੂੰ ਆਪਣੀ ਜ਼ਿੰਦਗੀ ਵਿੱਚ ਕਦੇ ਨਹੀਂ ਦੇਖਿਆ। ਕੀ ਅਸੀਂ ਅਜਨਬੀ ਹਾਂ? ਮੇਰਾ ਮੰਨਣਾ ਹੈ ਕਿ ਤੁਸੀਂ ਕੁਝ ਸਮਾਂ ਪਹਿਲਾਂ ਕਿਹਾ ਸੀ, ਮੈਂ ਤੁਹਾਨੂੰ ਨਹੀਂ ਜਾਣਦਾ ਸੀ। ਪਰਮੇਸ਼ੁਰ ਤੁਹਾਨੂੰ ਜਾਣਦਾ ਹੈ। ਉਹ ਮੈਨੂੰ ਜਾਣਦਾ ਹੈ। ਕੀ ਤੁਸੀਂ ਜਾਣਦੇ ਹੋ ਕਿ ਸਾਨੂੰ ਹੁਣ ਇੱਥੇ ਖੜ੍ਹੇ ਹੋਣ ਲਈ, ਸਾਨੂੰ ਨਿਆਂ ਦੇ ਦਿਨ ਇਸਦਾ ਜਵਾਬ ਦੇਣਾ ਪਏਗਾ? [ਭੈਣ ਕਹਿੰਦੀ ਹੈ, "ਆਮੀਨ।"—ਸੰਪਾ.] ਤੁਸੀਂ ਇਸ ਤੋਂ ਵਾਕਫ਼ ਹੋ? ਤੁਸੀਂ ਜਾਣਦੇ ਹੋ ਕਿ ਹੁਣ ਜੋ ਅਸੀਂ ਕਰਾਂਗੇ, ਪਰਮੇਸ਼ੁਰ ਸਾਡੇ ਤੋਂ ਇਸ ਦੇ ਲਈ ਉੱਥੇ ਜਵਾਬ ਮੰਗੇਗਾ? ਮੈਂ ਇਹ ਸਿਰਫ ਇੱਕ ਮਕਸਦ ਲਈ ਕਿਹਾ ਹੈ। ਹੁਣ, ਜੇ ਪ੍ਰਭੂ ਯਿਸੂ ਮੈਨੂੰ ਪ੍ਰਗਟ ਕਰੇਗਾ ਕਿ ਤੁਸੀਂ ਕੀ ਕਰ ਰਹੇ ਹੋ, ਤੁਹਾਡੇ ਦਿਮਾਗ ਵਿੱਚ ਕੀ ਹੈ, ਜਾਂ ਅਜਿਹਾ ਕੁਝ, ਕੀ ਤੁਸੀਂ ਇਸ ਤੇ ਵਿਸ਼ਵਾਸ ਕਰੋਗੇ? ਤੁਹਾਨੂੰ ਇਸ ਤੇ ਵਿਸ਼ਵਾਸ ਕਰਨਾ ਪਏਗਾ, ਕੀ ਤੁਸੀਂ ਨਹੀਂ ਕਰੋਗੇ? ["ਆਮੀਨ।"]

180 ਕੀ ਤੁਸੀਂ ਇਸ ਤੇ ਵਿਸ਼ਵਾਸ ਕਰੋਗੇ, ਤੁਸੀਂ ਸੁਣਨ ਵਾਲਿਓ?

181 ਹੁਣ ਅਸੀਂ ਬਿਲਕੁਲ ਉਸੇ ਤਰ੍ਹਾਂ ਖੜ੍ਹੇ ਹਾਂ ਜਿਵੇਂ ਖੂਹ ਤੇ ਔਰਤ ਖੜ੍ਹੀ ਸੀ, ਅਤੇ ਸਾਡਾ ਪ੍ਰਭੂ, ਇੱਕ ਆਦਮੀ ਅਤੇ ਇੱਕ ਔਰਤ ਪਹਿਲੀ ਵਾਰ ਮਿਲ ਰਹੇ ਸਨ। ਸਮਝੇ? ਇੱਥੇ ਅਸੀਂ ਹਾਂ, ਮਿਲ ਰਹੇ ਹਾਂ…ਇਹ ਸੰਤ ਯੂਹੰਨਾ ਚੌਥਾ ਅਧਿਆਏ ਹੈ। ਹੁਣ ਜੇ ਪਵਿੱਤਰ ਆਤਮਾ ਕਹੇਗਾ…ਜੇ ਤੁਸੀਂ ਇੱਥੇ ਕਿਸੇ ਹੋਰ ਲਈ ਹੋ, ਜੇ ਤੁਸੀਂ ਬਿਮਾਰ ਹੋ, ਜੇ ਇਹ ਘਰੇਲੂ ਸਮੱਸਿਆ ਹੈ, ਜੇ ਇਹ ਵਿੱਤੀ ਸਮੱਸਿਆ ਹੈ, ਜੋ ਵੀ ਹੋਵੇ, ਮੈਨੂੰ ਕੋਈ ਅਤਾ ਪਤਾ ਨਹੀਂ ਹੈ। ਪਰ ਉਸ ਨੂੰ ਹੈ। ਪਰ ਉਹ ਤੁਹਾਡੇ ਦਿਲ ਦੇ ਵਿਚਾਰਾਂ ਨੂੰ ਜਾਣ ਸਕਦਾ ਹੈ। ਉਹ ਵਚਨ ਹੈ। ਮੈਂ ਨਹੀਂ ਕਰ ਸਕਦਾ। ਮੈਂ ਇੱਕ ਆਦਮੀ ਹਾਂ। ਤੁਸੀਂ ਥੋੜੇ ਜਿਹੇ ਘਬਰਾਏ ਹੋਏ ਹੋ, ਅਤੇ ਇਹੀ ਕਾਰਨ ਹੈ ਕਿ ਮੈਂ ਇਹ ਕਰ ਰਿਹਾ ਹਾਂ, ਤੁਸੀਂ ਸਮਝੇ।

182 ਇਹ ਤੁਹਾਡੀਆਂ ਪਰੇਸ਼ਾਨੀਆਂ ਵਿੱਚੋਂ ਇੱਕ ਹੈ, ਘਬਰਾਹਟ। ਇਹ ਸਹੀ ਹੈ। ਅਤੇ ਤੁਹਾਨੂੰ ਸ਼ੂਗਰ ਵੀ ਹੈ, ਇਕ ਹੋਰ ਚੀਜ਼ ਹੈ ਜਿਸ ਤੋਂ ਤੁਸੀਂ ਪਰੇਸ਼ਾਨ ਹੋ। ਇਹ ਠੀਕ ਹੈ। ਸੱਮਸਿਆਵਾਂ, ਬਹੁਤ ਸਾਰੀਆਂ ਚੀਜ਼ਾਂ ਗਲਤ ਹਨ। ਕੀ ਇਹ ਸਹੀ ਹੈ? ਜੇ ਇਹ ਸਹੀ ਹੈ, ਤਾਂ ਆਪਣਾ ਹੱਥ ਉਠਾਓ। ਵੇਖਿਆ? ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਤੁਹਾਨੂੰ ਚੰਗਾ ਕਰੇਗਾ? [ਭੈਣ ਕਹਿੰਦੀ ਹੈ, "ਮੈਂ ਕਰਦੀ ਹਾਂ।"—ਸੰਪਾ.] ਤੁਸੀਂ ਕਰਦੇ ਹੋ? ਹੁਣ, ਤੁਹਾਡੀ ਘਬਰਾਹਟ ਤੁਹਾਡੀ ਉਮਰ ਕਰਕੇ ਹੁੰਦੀ ਹੈ, ਸਮਝੇ, ਪਰ ਹੁਣ ਇਹ ਸਭ ਤੁਹਾਨੂੰ ਛੱਡ ਦੇਵੇਗਾ। ਅਤੇ ਮੈਨੂੰ ਵਿਸ਼ਵਾਸ ਹੈ ਕਿ ਵਿਸ਼ਵਾਸ ਨਾਲ ਅਸੀਂ ਕਲਵਰੀ ਤੇ ਜਾਵਾਂਗੇ, ਲਹੂ ਚੜ੍ਹਾਵਾਂਗੇ।

183 ਹੁਣ, ਇਹ ਬਿਲਕੁਲ ਉਹੀ ਹੈ ਜੋ ਉਸਨੇ ਕੀਤਾ। ਉਸ ਨੇ ਖੂਹ ਤੇ ਔਰਤ ਨੂੰ ਦੱਸਿਆ ਕਿ ਉਸ ਨੂੰ ਕੀ ਤਕਲੀਫ਼ ਸੀ। ਉਸ ਦੇ ਬਹੁਤ ਸਾਰੇ ਪਤੀ ਸਨ। ਤੁਹਾਡਾ ਕੀ ਸੀ...ਮੈਨੂੰ ਲੱਗਦਾ ਹੈ ਕਿ ਘਬਰਾਹਟ ਸੀ, ਅਤੇ ਦੋ ਜਾਂ ਤਿੰਨ ਹੋਰ ਚੀਜ਼ਾਂ ਤੁਹਾਡੇ ਨਾਲ ਗਲਤ ਸਨ। ਇਹ ਸਹੀ ਹੈ, ਹੈ ਨਾ? ਇਹੀ ਗੱਲ ਹੈ।

184 ਹੁਣ, ਜਦੋਂ ਉਹ ਸ਼ਮਊਨ ਕੋਲ ਆਇਆ, ਉਸਨੇ ਉਸਨੂੰ ਦੱਸਿਆ ਕਿ ਉਹ ਕੌਣ ਸੀ। ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਮੈਨੂੰ ਦੱਸ ਸਕਦਾ ਹੈ ਕਿ ਤੁਹਾਡਾ ਨਾਮ ਕੀ ਹੈ? ਕੀ ਇਹ ਤੁਹਾਥੋਂ ਹੋਰ ਵਿਸ਼ਵਾਸ ਕਰਾਵੇਗਾ? ਇਹ ਕਰੇਗਾ? ਸ਼੍ਰੀਮਤੀ ਸਟ੍ਰੌਂਗ...[ਭੈਣ ਕਹਿੰਦੀ ਹੈ, "ਸੱਟਾਊਟ।"—ਸੰਪਾ.] ਸੱਟਾਊਟ, ਕੀ ਤੁਸੀਂ ਵਿਸ਼ਵਾਸ ਕਰੋਗੇ? ਜਾਓ ਅਤੇ ਵਿਸ਼ਵਾਸ ਕਰੋ, ਅਤੇ ਤੁਸੀਂ...ਇਹ ਪੂਰੀ ਤਰ੍ਹਾਂ ਖਤਮ ਹੋ ਗਿਆ ਹੈ। ਆਮੀਨ।

185 ਆਓ। ਤੁਸੀਂ ਵਿਸ਼ਵਾਸ ਕਰਦੇ ਹੋ? ਮੈਂ ਤੁਹਾਡੇ ਲਈ ਵੀ ਅਜਨਬੀ ਹਾਂ। ਮੈਂ ਤੁਹਾਨੂੰ ਨਹੀਂ ਜਾਣਦਾ। ਪਰਮੇਸ਼ੁਰ ਤੁਹਾਨੂੰ ਜਾਣਦਾ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਮੈਨੂੰ ਦੱਸ ਸਕਦਾ ਹੈ ਕਿ ਤੁਹਾਡੀ ਸਮੱਸਿਆ ਕੀ ਹੈ? ਅਤੇ ਜੇਕਰ ਉਹ ਦੱਸਦਾ ਹੈ, ਤਾਂ ਪ੍ਰਭੂ ਮੁਬਾਰਕ ਹੋਵੇ। ਕੀ ਇਹ ਸੱਚ ਹੈ? [ਭੈਣ ਕਹਿੰਦੀ ਹੈ, "ਹਾਂ, ਇਹ ਸੱਚ ਹੈ।"—ਸੰਪਾ.] ਹੁਣ ਚਿੰਤਾ ਕਰਨ ਦੀ ਲੋੜ ਨਹੀਂ—ਨਹੀਂ ਹੈ, ਦੇਖੋ, ਇਹ—ਇਹ ਉਹ ਹੈ, ਜੋ ਤੁਸੀਂ ਮਹਿਸੂਸ ਕਰਦੇ ਹੋ। ਠੀਕ ਹੈ। ਤੁਸੀਂ ਇੱਕ ਘਬਰਾਹਟ ਦੀ ਬਿਮਾਰੀ ਤੋਂ ਵੀ ਪੀੜਤ ਹੋ, ਮਾਨਸਿਕ ਘਬਰਾਹਟ, ਅਤੇ ਆਸਾਨੀ ਨਾਲ ਟੁੱਟ ਜਾਂਦੇ ਹੋ। ਅਤੇ ਤੁਸੀਂ ਬਲੈਡਰ ਦੀ ਸਮੱਸਿਆ ਨਾਲ ਪੀੜਤ ਹੋ, ਜਿਗਰ ਵਿੱਚ ਕੁਝ ਪਰੇਸ਼ਾਨੀ ਹੈ, ਅਤੇ ਤੁਹਾਡੇ ਵਿੱਚ ਲਹੂ ਦੀ ਘਾਟ ਹੈ। ਇਹ ਸਹੀ ਹੈ। ਤੁਹਾਨੂੰ ਕੁਝ ਹੈ...

186 ਇੱਕ ਆਦਮੀ ਦਿੱਖ ਰਿਹਾ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਚੰਗਾ ਕਰ ਸਕਦਾ ਹੈ? [ਭੈਣ ਕਹਿੰਦੀ ਹੈ, "ਹਾਂ ਮੈਂ ਕਰਦੀ

ਹਾਂ।”—ਸੰਪਾ.] ਤੁਹਾਡੇ ਪਤੀ ਨੂੰ ਵੀ ਚੰਗਾ ਕਰ ਸਕਦਾ ਹੈ, ਉਸ ਨੂੰ ਵੀ ਠੀਕ ਕਰ ਸਕਦਾ ਹੈ? ਕੀ ਤੁਸੀਂ ਸੋਚਦੇ ਹੋ ਕਿ ਪੇਟ ਦੀ ਸਮੱਸਿਆ ਦੂਰ ਹੋ ਜਾਵੇਗੀ, ਅਤੇ ਉਹ ਠੀਕ ਹੋ ਜਾਵੇਗਾ? ਇਹੀ ਹੈ ਜਿਸ ਨਾਲ ਉਹ ਦੁੱਖ ਝੱਲ ਰਿਹਾ ਹੈ। ਜਾਓ ਜਾ ਕੇ ਉਸ ਤੇ ਆਪਣੇ ਹੱਥ ਰੱਖੋ, ਉਸਨੂੰ ਦੱਸੋ, ਅਤੇ ਇਹ—ਇਹ ਉਸਨੂੰ ਛੱਡ ਦੇਵੇਗਾ।

187 ਮੈਂ ਤੁਹਾਡੇ ਲਈ ਅਜਨਬੀ ਹਾਂ। ਪ੍ਰਭੂ ਯਿਸੂ ਸਾਨੂੰ ਦੋਹਾਂ ਨੂੰ ਜਾਣਦਾ ਹੈ, ਕੀ ਉਹ ਨਹੀਂ ਜਾਣਦਾ? ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਚੰਗਾ ਕਰ ਸਕਦਾ ਹੈ? ਜੇ ਪ੍ਰਭੂ ਯਿਸੂ ਮੈਨੂੰ ਉਹ ਚੀਜ਼ ਪ੍ਰਗਟ ਕਰੇ ਜੋ...ਜੋ ਤੁਸੀਂ...ਜੋ ਤੁਹਾਡੇ ਦਿਲ ਵਿੱਚ ਹੈ, ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਤੁਹਾਨੂੰ ਚੰਗਾ ਕਰੇਗਾ? ਤੁਹਾਨੂੰ ਕੋਈ ਸਮੱਸਿਆ ਹੈ। ਤੁਹਾਨੂੰ ਇੱਕ—ਇੱਕ—ਇੱਕ ਪਿੱਤੇ ਦੀ ਥੈਲੀ ਦੀ ਸਮੱਸਿਆ ਹੈ, ਪਹਿਲੀ ਚੀਜ਼। ਅਤੇ ਇੱਕ ਹੋਰ ਗੱਲ, ਇਹ ਤੁਹਾਡੇ ਬਲੈਡਰ ਵਿੱਚ ਫੋੜੇ ਦੀ ਪਰੇਸ਼ਾਨੀ ਦਾ ਕਾਰਨ ਬਣੀ ਹੈ, ਪਰ ਇਹ ਤੁਹਾਡੇ ਡਾਕਟਰ ਨੇ ਕਿਹਾ ਹੈ। ਹੁਣ, ਇਕ ਹੋਰ ਗੱਲ ਇਹ ਹੈ, ਕਿ ਉਹ ਇਸ ਲਈ ਉਪਰੇਸ਼ਨ ਕਰਨਾ ਚਾਹੁੰਦੇ ਹਨ। ਇਹ ਬਿਲਕੁਲ ਸਹੀ ਹੈ। ਕੀ ਇਹ ਸੱਚ ਨਹੀਂ ਹੈ? ਹੁਣ ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਇਸ ਨੂੰ ਬਾਈਪਾਸ ਕਰ ਸਕਦਾ ਹੈ? ਕੀ ਤੁਸੀਂ ਸੋਚਦੇ ਹੋ ਕਿ ਤੁਹਾਡਾ ਵਿਸ਼ਵਾਸ ਉਸ ਵਿੱਚ ਹੈ? ਹੁਣ ਤੁਸੀਂ ਜਾਣਦੇ ਹੋ ਕਿ ਮੈਂ ਅਜਿਹਾ ਨਹੀਂ ਕਰ ਰਿਹਾ ਹਾਂ। ਤੁਸੀਂ ਵਿਸ਼ਵਾਸ ਕਰਦੇ ਹੋ? ਠੀਕ ਹੈ। ਜਾਓ, ਅਤੇ ਜਿਵੇਂ ਤੁਸੀਂ ਵਿਸ਼ਵਾਸ ਕੀਤਾ ਹੈ, ਉਸੇ ਤਰ੍ਹਾਂ ਤੁਹਾਡੇ ਨਾਲ ਹੋਵੇ।

188 ਅਸੀਂ ਇੱਕ ਦੂਜੇ ਲਈ ਅਜਨਬੀ ਹਾਂ, ਮੈਨੂੰ ਲੱਗਦਾ ਹੈ। ਪ੍ਰਭੂ ਪਰਮੇਸ਼ੁਰ ਸਾਨੂੰ ਦੋਹਾਂ ਨੂੰ ਜਾਣਦਾ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਮੇਰੇ ਲਈ ਉਹ ਚੀਜ਼ਾਂ ਪ੍ਰਗਟ ਕਰਨ ਦੇ ਯੋਗ ਹੈ ਜੋ ਤੁਹਾਡੀ ਮਦਦ ਕਰ ਸਕਦੀਆਂ ਹਨ? [ਭੈਣ ਕਹਿੰਦੀ ਹੈ, “ਹਾਂ, ਮੈਨੂੰ ਪਤਾ ਹੈ।”—ਸੰਪਾ.] ਤੁਸੀਂ, ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਕਰੇਗਾ। [“ਸਕਾਰਾਤਮਕ।”] ਮੈਂ ਕਹਿ ਰਿਹਾ ਹਾਂ... “ਸਕਾਰਾਤਮਕ,” ਇਹ ਬਹੁਤ ਵਧੀਆ ਹੈ। ਇਹ ਬਹੁਤ ਵਧੀਆ ਹੈ। ਹੁਣ ਤੁਹਾਨੂੰ ਬਹੁਤ ਸਾਰੀਆਂ ਪਰੇਸ਼ਾਨੀਆਂ ਹਨ, ਬਹੁਤ ਸਾਰੀਆਂ ਸਮੱਸਿਆਵਾਂ ਅਤੇ ਚੀਜ਼ਾਂ, ਅਤੇ ਖੰਘ ਵਰਗੀ ਚੀਜ, ਅਤੇ ਤੁਸੀਂ ਇਸ ਤੇ ਕਾਬੂ ਨਹੀਂ ਪਾ ਸਕਦੇ। ਅਤੇ ਤੁਸੀਂ ਅਸਲ ਵਿੱਚ ਘਬਰਾ ਗਏ ਹੋ। ਅਤੇ—ਅਤੇ ਇਹ, ਇਹ ਸਹੀ ਹੈ।

189 ਫਿਰ, ਤੁਹਾਡੇ ਦਿਲ ਤੇ ਇੱਕ ਬੋਝ ਹੈ, ਅਤੇ ਇਹ ਬੋਝ ਕਿਸੇ ਹੋਰ ਲਈ ਹੈ, ਜੋ ਤੁਹਾਡਾ ਪੁੱਤਰ ਹੈ। ਅਤੇ ਉਸ ਨੂੰ ਇੱਕ—ਇੱਕ ਸਮੱਸਿਆ ਹੈ, ਕੁਝ ਘਰੇਲੂ

ਪਰੇਸ਼ਾਨੀਆਂ। ਉਹ ਅਤੇ ਉਸਦੀ ਪਤਨੀ, ਉਹ ਹਮੇਸ਼ਾ ਉਲਝਦੇ ਰਹਿੰਦੇ ਹਨ ਅਤੇ ਲੱਗੇ ਰਹਿੰਦੇ ਹਨ...?...ਅਤੇ ਤੁਸੀਂ ਇਸਦੇ ਲਈ ਬੋਝ ਹੇਠ ਹੋ। ਇਹ ਸਹੀ ਹੈ। ਹੁਣ ਤੁਸੀਂ ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਕਰੋ, ਅਤੇ ਇਹ ਸਭ ਸਾਫ਼ ਹੋ ਜਾਵੇਗਾ ਅਤੇ ਖਤਮ ਹੋ ਜਾਵੇਗਾ। ਤੁਸੀਂ ਹੁਣ ਵਿਸ਼ਵਾਸ ਕਰੋ। ਪ੍ਰਭੂ ਤੁਹਾਨੂੰ ਅਸੀਸ ਦੇਵੇ।

190 ਤੁਹਾਡਾ ਕੀ ਹਾਲ ਹੈ, ਸ਼੍ਰੀ ਮਾਨ? ਮੈਂ ਤੁਹਾਡੇ ਲਈ ਇੱਕ ਅਜਨਬੀ ਹਾਂ, ਅਤੇ—ਅਤੇ ਤੁਸੀਂ ਮੇਰੇ ਲਈ ਇੱਕ ਅਜਨਬੀ ਹੋ। ਅਤੇ ਇਹ—ਇਹ ਸ਼ੁਰੂ... ਹੁਣ ਦਰਸ਼ਨ, ਮੈਂ ਵੇਖਦਾ ਹਾਂ, ਇੰਝ ਲੱਗਦਾ ਹੈ ਜਿਵੇਂ ਸਾਰਾ ਘਰ ਸਿਰਫ ਰੋਸ਼ਨ ਹੋ ਰਿਹਾ ਹੈ, ਜਿਵੇਂ ਇੱਕ ਚੱਕਰ ਵਾਂਗ ਘੁੰਮ ਰਿਹਾ ਹੈ। ਸਮਝੇ? ਪਰ ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪ੍ਰਭੂ ਯਿਸੂ ਮੈਨੂੰ ਦੱਸ ਸਕਦਾ ਹੈ ਕਿ ਤੁਸੀਂ ਉੱਥੇ ਕਿਸ ਲਈ ਖੜ੍ਹੇ ਹੋ? ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਕਰੇਗਾ? ਮੈਂ ਵੀ, ਵਿਸ਼ਵਾਸ ਕਰਦਾ ਹਾਂ। ਮੈਂ ਸਿਰਫ ਤੁਹਾਡੇ ਨਾਲ ਗੱਲ ਕਰ ਰਿਹਾ ਹਾਂ, ਤੁਹਾਡੀ ਆਤਮਾ ਨਾਲ ਸੰਪਰਕ ਕਰਨ ਲਈ, ਬਿਲਕੁਲ ਉਸੇ ਲਈ ਮੈਂ ਇਹ ਕਰ ਰਿਹਾ ਹਾਂ। ਦੇਖੋ, ਮੈਂ ਤੁਹਾਨੂੰ ਨਹੀਂ ਜਾਣਦਾ, ਇਸ ਲਈ ਇਸ ਨੂੰ ਕਰਨ ਲਈ ਮੇਰੇ ਤੋਂ ਇਲਾਵਾ ਕੁਝ ਹੋਣਾ ਚਾਹੀਦਾ ਹੈ। ਮੈਨੂੰ ਆਪਣੇ ਆਪ ਨੂੰ ਆਪਣੇ ਆਪ ਤੋਂ ਪੂਰੀ ਤਰ੍ਹਾਂ ਦੂਰ ਕਰਨਾ ਪਏਗਾ, ਇਹ ਉਹ ਖੁਦ ਹੀ ਕਰਦਾ ਹੈ। ਤੁਸੀਂ ਸੱਮਝ ਰਹੇ ਹੋ?

191 ਹੁਣ, ਇੱਕ ਗੱਲ, ਤੁਸੀਂ ਇੱਕ ਬਹੁਤ ਜ਼ਿਆਦਾ ਘਬਰਾਹਟ ਦੀ ਬਿਮਾਰੀ ਨਾਲ ਪੀੜਤ ਹੋ, ਅਤੇ ਇਹ ਘਬਰਾਹਟ ਦੀ ਬਿਮਾਰੀ ਕੁਝ ਸਮੇਂ ਤੋਂ ਹੈ। ਇਹ ਸਹੀ ਹੈ। ਅਤੇ ਉਸ ਘਬਰਾਹਟ ਦੀ ਸਥਿਤੀ ਕਾਰਨ ਤੁਹਾਡਾ ਬਲੱਡ ਪ੍ਰੈਸ਼ਰ ਵੀ ਜਿਆਦਾ ਹੈ। ਅਤੇ ਤੁਹਾਨੂੰ ਦੌਰਾ ਪਿਆ ਹੈ। ਇਹ ਹੀ ਗੱਲ ਹੈ। ਕਹੋ, ਤੁਸੀਂ ਜਾਂ ਤਾਂ ਪ੍ਰਚਾਰਕ ਰਹੇ ਹੋ, ਜਾਂ ਤੁਸੀਂ ਪ੍ਰਚਾਰਕ ਹੋ। ਹੁਣ ਤੁਸੀਂ ਪ੍ਰਚਾਰਕ ਹੋ; ਮੈਂ ਤੁਹਾਨੂੰ ਮੰਚ ਤੇ ਖੜ੍ਹੇ ਦੇਖਿਆ ਹੈ। ਫਿਰ, ਪਰਮੇਸ਼ੁਰ ਵਿੱਚ ਵਿਸ਼ਵਾਸ ਰੱਖੋ, ਅਤੇ ਉਹ ਘਬਰਾਹਟ ਤੁਹਾਨੂੰ ਛੱਡ ਦੇਵੇਗੀ। ਸਾਰੇ ਸੇਵਕਾਂ ਨੂੰ ਇਹ ਹੈ। ਤੁਸੀਂ ਬਿਲਕੁਲ ਠੀਕ ਹੋ ਜਾਓਗੇ। ਆਪਣੇ ਪੁਲਪਿਟ ਤੇ ਵਾਪਸ ਜਾਓ, ਅਤੇ ਪਰਮੇਸ਼ੁਰ ਦਾ ਕਹਿਣਾ ਮੰਨੋ ਅਤੇ ਉਸ ਵਚਨ, ਯਿਸੂ ਮਸੀਹ ਲਈ ਸੱਚੇ ਰਹੋ।

192 ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਹਾਡੀ ਪਿੱਠ ਦੀ ਤਕਲੀਫ਼ ਨੇ ਤੁਹਾਨੂੰ ਛੱਡ ਦਿੱਤਾ ਹੈ, ਕੁਰਸੀ ਤੇ ਬੈਠੇ ਹੋਏ? ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ? [ਭੈਣ ਕਹਿੰਦੀ ਹੈ, "ਹਾਂ।"—ਸੰਪਾ.] ਠੀਕ ਹੈ, ਜਨਾਬ, ਫਿਰ ਇਹ ਕਹਿ ਕੇ ਅੱਗੇ ਵਧਦੇ ਰਹੋ, "ਤੁਹਾਡਾ ਧੰਨਵਾਦ, ਪ੍ਰਭੂ।"

193 ਆਓ, ਬੀਬੀ। ਤੁਹਾਡਾ ਕੀ ਹਾਲ ਹੈ? ਕੀ ਤੁਸੀਂ ਮੈਨੂੰ ਉਸਦਾ ਸੇਵਕ ਮੰਨਦੇ ਹੋ? [ਭੈਣ ਕਹਿੰਦੀ ਹੈ, "ਜ਼ਰੂਰ ਮੰਨਦੀ ਹਾਂ।"—ਸੰਪਾ.] ਠੀਕ ਹੈ। ਕੀ ਤੁਸੀਂ ਮੰਨਦੇ ਹੋ ਕਿ ਔਰਤਾਂ ਵਾਲੀ ਪਰੇਸ਼ਾਨੀ, ਔਰਤ ਵਾਲੀ ਸਮੱਸਿਆ, ਤੁਹਾਨੂੰ ਛੱਡਣ ਜਾ ਰਹੀ ਹੈ? ["ਆਮੀਨ।"] ਤੁਸੀਂ ਕਰਦੇ ਹੋ? ਫਿਰ ਅੱਗੇ ਵਧੋ, ਕਹੋ, "ਤੁਹਾਡਾ ਧੰਨਵਾਦ, ਪ੍ਰਭੂ।"

194 ਗੁਰਦੇ ਦੀ ਸਮੱਸਿਆ, ਪਿੱਠ ਦੀ ਸਮੱਸਿਆ, ਤੁਹਾਡੀ ਪਿੱਠ ਵਿੱਚ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਚੰਗਾ ਕਰੇਗਾ, ਇਸ ਤੋਂ? ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਤੁਹਾਨੂੰ ਚੰਗਾ ਕਰੇਗਾ? ਠੀਕ ਹੈ, ਆਪਣੇ ਤੇ ਲੈ…?…

195 ਆਓ, ਬੀਬੀ। ਮੈਂ ਤੁਹਾਡੇ ਲਈ ਇੱਕ ਅਜਨਬੀ ਹਾਂ। ਜੇ ਮੈਂ ਤੁਹਾਨੂੰ ਕੁਝ ਵੀ ਨਹੀਂ ਦੱਸਦਾ, ਬਿਲਕੁਲ ਵੀ ਨਹੀਂ, ਕੀ ਤੁਸੀਂ ਵਿਸ਼ਵਾਸ ਕਰੋਗੇ ਕਿ ਪਰਮੇਸ਼ੁਰ ਦੀ ਹਜ਼ੂਰੀ ਬਿਮਾਰਾਂ ਨੂੰ ਚੰਗਾ ਕਰਨ ਲਈ ਇੱਥੇ ਹੈ? [ਭੈਣ ਕਹਿੰਦੀ ਹੈ, "ਯਕੀਨਨ, ਮੈਂ ਇਸ ਤੇ ਵਿਸ਼ਵਾਸ ਕਰਦੀ ਹਾਂ।"—ਸੰਪਾ.] ਤੁਸੀਂ ਕਰੋਗੇ? ਠੀਕ ਹੈ, ਜੇ ਤੁਸੀਂ ਕਰਦੇ ਹੋ, ਤਾਂ ਤੁਹਾਡੇ ਪੇਟ ਦੀ ਸਮੱਸਿਆ…ਮੈਂ ਤੁਹਾਨੂੰ ਦੱਸ ਦਿੱਤਾ ਹੈ, ਤੁਸੀਂ ਵੇਖੋ। ਇਹ ਹੈ—ਇਹ ਚਲੀ ਗਈ ਹੈ। ਮੈਂ ਤੁਹਾਨੂੰ ਦਸ ਦਿੱਤਾ, ਵੇਖੋ।

196 ਤੁਸੀਂ ਕਿਵੇਂ ਹੋ, ਸ਼੍ਰੀ ਮਾਨ? ਪਰਮੇਸ਼ੁਰ ਦਿਲ ਵਿੱਚ ਵਸਦਾ ਹੈ। ਅਤੇ ਤੁਹਾਡਾ ਦਿਲ ਹਾਲ ਹੀ ਵਿੱਚ ਇੱਥੇ ਦਿਖਾਈ ਦੇ ਰਿਹਾ ਹੈ, ਖਰਾਬ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਇਸਨੂੰ ਸਹੀ ਕਰੇਗਾ? ਆਪਣੇ ਰਾਹੇ ਜਾਓ ਅਤੇ ਇਸ ਤੇ ਵਿਸ਼ਵਾਸ ਕਰੋ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦਵੇ। ਤੁਸੀਂ ਵਿਸ਼ਵਾਸ ਕਰਦੇ ਹੋ; ਉਹ ਇਸ ਨੂੰ ਠੀਕ ਕਰੇਗਾ।

197 ਤੁਸੀਂ ਘਬਰਾਹਟ ਦੇ ਮਰੀਜ ਹੋ, ਜਿਸ ਕਾਰਨ ਤੁਹਾਨੂੰ ਪੇਟ ਦੀ ਸਮੱਸਿਆ ਹੈ, ਪੇਟ ਦੇ ਛਾਲੇ। ਇਹ ਖਾਣ ਤੋਂ ਬਾਅਦ ਤੁਹਾਨੂੰ ਪਰੇਸ਼ਾਨ ਕਰਦੇ ਹਨ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਹੁਣ ਇਹ ਸਭ ਖਤਮ ਹੋ ਗਿਆ ਹੈ? ਜਾਓ ਆਪਣੇ ਆਪ ਨੂੰ ਖਾਣ ਲਈ ਕੁਝ ਦਿਓ।

198 ਤੁਹਾਡੇ ਲਈ ਉੱਠਣਾ ਮੁਸ਼ਕਲ ਹੈ, ਪਿੱਠ ਤੁਹਾਨੂੰ ਬਹੁਤ ਪਰੇਸ਼ਾਨ ਕਰ ਰਹੀ ਹੈ। [ਮਰੀਜ਼ ਕਹਿੰਦਾ ਹੈ, "ਹਾਂ, ਸ਼੍ਰੀਮਾਨ।"—ਸੰਪਾ.] ਇਹ ਤੁਹਾਨੂੰ ਹੋਰ ਪਰੇਸ਼ਾਨ ਨਹੀਂ ਕਰੇਗੀ, ਜੇਕਰ ਤੁਸੀਂ ਇਸ ਤੇ ਵਿਸ਼ਵਾਸ ਕਰੋਗੇ। ਕੀ ਤੁਸੀਂ ਕਰੋਗੇ? ["ਹਾਂ, ਸ਼੍ਰੀਮਾਨ।"] ਠੀਕ ਹੈ, ਅੱਗੇ ਵਧੋ, ਅਤੇ ਪ੍ਰਭੂ ਯਿਸੂ ਤੁਹਾਨੂੰ ਪੂਰੀ ਤਰ੍ਹਾਂ ਤੰਦਰੁਸਤ ਕਰ ਦੇਵੇ।

199 ਤੁਸੀਂ ਕਿਸ ਬਾਰੇ ਇੰਨੇ ਪਰੇਸ਼ਾਨ ਹੋ? ਬੱਸ ਅੱਗੇ ਵੱਧੋ, ਕਹੋ, "ਮੈਂ ਹੋਰ ਘਬਰਾਉਣ ਵਾਲਾ ਨਹੀਂ ਹਾਂ," ਅਤੇ ਤੁਸੀਂ ਨਹੀਂ ਘਬਰਾਓਗੇ। ਜਾਓ ਅਤੇ ਵਿਸ਼ਵਾਸ ਕਰੋ। ਠੀਕ ਹੈ, ਸ਼੍ਰੀ ਮਾਨ।

200 ਆਓ, ਬੀਬੀ। ਹੁਣ, ਇਥੋਪੀਆਈ ਔਰਤ, ਅਤੇ ਗੋਰਾ ਆਦਮੀ, ਬਿਲਕੁਲ ਉਸੇ ਤਰ੍ਹਾਂ ਜਿਵੇਂ ਉਸ ਦਿਨ, ਯਿਸੂ ਨੂੰ ਮਿਲੀ ਸੀ। ਉਨ੍ਹਾਂ ਕੋਲ ਇੱਕ ਭੇਦ ਭਾਵ ਸੀ ਜਿਵੇਂ ਉਨ੍ਹਾਂ ਕੋਲ ਦੱਖਣ ਵਿੱਚ ਹੁੰਦਾ ਸੀ, ਪਰ ਹੁਣ ਸਾਡੇ ਕੋਲ ਇਹ ਨਹੀਂ ਹੈ। ਯਿਸੂ ਨੇ ਉਨ੍ਹਾਂ ਨੂੰ ਦੱਸਿਆ ਕਿ ਸਾਰੇ ਲੋਕ ਪਰਮੇਸ਼ੁਰ ਦੇ ਲੋਕ ਸਨ। ਕੋਈ ਫਰਕ ਨਹੀਂ ਸੀ, ਵੇਖੋ, ਭਾਵੇਂ ਉਹ ਯਹੂਦੀ ਸੀ ਜਾਂ ਸਾਮਰੀ।

201 ਹੁਣ, ਜੇ ਪਰਮੇਸ਼ੁਰ ਤੁਹਾਡੀ ਮਦਦ ਨਹੀਂ ਕਰਦਾ, ਤਾਂ ਜਲਦੀ ਹੀ ਗਠੀਆ ਤੁਹਾਨੂੰ ਅਪਾਹਜ ਬਣਾ ਦੇਵੇਗਾ। ਪਰ ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਤੁਹਾਡੀ ਮਦਦ ਕਰੇਗਾ, ਤੁਹਾਨੂੰ ਚੰਗਾ ਕਰੇਗਾ? ਜਿਵੇਂ ਔਰਤ ਨੇ ਕੀਤਾ ਸੀ, ਆਪਣੇ ਰਸਤੇ ਤੇ ਜਾਉ ਅਤੇ ਆਪਣੇ ਲੋਕਾਂ ਨੂੰ ਦੱਸੋ ਕਿ ਪਰਮੇਸ਼ੁਰ ਨੇ ਤੁਹਾਡੇ ਲਈ ਕਿਹੜੇ ਮਹਾਨ ਕੰਮ ਕੀਤੇ ਹਨ। ਠੀਕ ਹੈ।

ਹੁਣ, ਇੱਕ ਡਾਕਟਰ ਚਾਕੂ ਕੱਢਣ ਲਈ ਤਿਆਰ ਹੈ।

202 ਬਸ ਇੱਕ ਪਲ। ਉਹ ਇਹ ਔਰਤ ਨਹੀਂ ਸੀ। ਹੁਣ, ਇੱਕ ਪਲ, ਹੁਣ ਹਰ ਕੋਈ ਆਦਰ ਭਾਵ ਵਿੱਚ ਹੋਵੇ। ਕੀ—ਕੀ ਸ਼ਤਾਨ ਨੇ, ਕੁਝ ਕਰਨ ਦੀ ਕੋਸ਼ਿਸ਼ ਕੀਤੀ। ਇਹ ਇੱਥੇ ਹੈ। ਰਸੌਲੀ, ਰਸੌਲੀ, ਤੁਹਾਨੂੰ ਦੋਵਾਂ ਨੂੰ। ਇਹ ਠੀਕ ਹੈ। ਤੁਹਾਨੂੰ ਰਸੌਲੀ ਹੈ, ਉਸ ਨੂੰ ਰਸੌਲੀ ਹੈ, ਅਤੇ ਉਹ ਸ਼ੈਤਾਨ ਇੱਕ ਦੂਜੇ ਦੀ ਮਦਦ ਲਈ ਪੁਕਾਰ ਰਹੇ ਹਨ। ਪਰ ਪਵਿੱਤਰ ਆਤਮਾ ਵੀ ਪੁਕਾਰ ਰਿਹਾ ਹੈ। ਤੁਸੀਂ ਕਿਸ ਤੇ ਵਿਸ਼ਵਾਸ ਕਰੋਗੇ, ਉਸ ਤੇ? ਠੀਕ ਹੈ। ਉਸ ਮੰਜੇ ਤੋਂ ਉੱਠ, ਬੀਬੀ। ਉਸ ਬਿਸਤਰੇ ਤੋਂ ਉੱਪਰ ਉੱਠੋ। ਇਸ ਤੋਂ ਉੱਠੋ, ਅਤੇ ਵਿਸ਼ਵਾਸ ਕਰੋ। ਜਾਓ, ਹੁਣ ਉਸ ਉੱਤੇ ਵਿਸ਼ਵਾਸ ਕਰੋ। ਆਮੀਨ।

203 ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਸਭ ਕੁਝ ਸੰਭਵ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਸਰੋਤਿਆਂ ਵਿੱਚ ਤੁਹਾਡੇ ਬਾਰੇ ਕੀ ਹੈ?

204 ਆਓ ਹੁਣ ਆਪਣੇ ਪੈਰਾਂ ਤੇ ਖੜ੍ਹੇ ਹੋ ਜਾਈਏ। ਹੁਣ ਹੀ ਇਹ ਕਰਨ ਦਾ ਸਮਾਂ ਹੈ। ਹਰ ਵਿਅਕਤੀ...ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦਵੇ। ਹੁਣ ਹਰ ਵਿਅਕਤੀ ਆਪਣੇ ਪੈਰਾਂ ਤੇ ਖੜਾ ਹੋ ਜਾਵੇ। ਪਰਮੇਸ਼ੁਰ ਦੀ ਵਡਿਆਈ ਕਰੋ। ਆਪਣੇ ਹੱਥ ਉਠਾਓ।

205 ਤੁਹਾਡਾ ਧੰਨਵਾਦ, ਪ੍ਰਭੂ ਯਿਸੂ! ਅਸੀਂ ਤੁਹਾਡੀ ਮਹਾਨਤਾ ਲਈ ਤੁਹਾਡੀ ਉਸਤਤਿ ਕਰਦੇ ਹਾਂ, ਅਤੇ ਬਿਮਾਰਾਂ ਨੂੰ ਚੰਗਾ ਕਰਨ ਲਈ।

***ਝੀਲ ਤੇ ਇੱਕ ਗਵਾਹੀ*** PUN64-0307

(A Testimony On The Sea)

ਭਾਈ ਵਿਲੀਅਮ ਮੈਰੀਅਨ ਬ੍ਰਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਸ਼ਨੀਵਾਰ ਸ਼ਾਮ ਨੂੰ, 7 ਮਾਰਚ, 1964, ਡੱਲਾਸ, ਟੈਕਸਾਸ, ਯੂ.ਐਸ.ਏ. ਵਿੱਚ ਸੋਲਜ਼ ਹਾਰਬਰ ਟੈਂਪਲ ਵਿਖੇ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2022 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਿਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:



VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org